ਸੰਮਤ: ੫੫੭ ਨਾਨਕਸ਼ਾਹੀ
ਸਾਕਾ: ੨੨੦
Weekly Paper
ਸਪਤਾਹਕ ਪਤਰ

੧ੴ ਸ੍ਰੀ ਵਾਹਿਗੁਰੂ ਜੀ ਕੀ ਫ਼ਤਿਹ ॥

# ਖ਼ਾਲਸਾ ਅਖ਼ਬਾਰ

੯ ਮੱਘਰ ਸੰਨ ੨੦੨੫ Monday, 24 November

ਮੁੱਖ ਸੰਪਾਦਕ
ਗਿਆਨੀ ਗੁਰਜੀਤ ਸਿੰਘ ਪਟਿਆਲਾ
ਸੰਪਾਦਕ: ਗੁਰਪ੍ਰੀਤ ਸਿੰਘ
ਉਪ ਸੰਪਾਦਕ: ਮੇਜਰ ਸਿੰਘ
ਅੰਗਰੇਜ਼ੀ ਸੰਪਾਦਿਕਾ: ਮਨਪ੍ਰੀਤ ਕੌਰ

www.khalsaakhbbar.com ਸੰਪਰਕ: +44 7491374913 khalsaakhbaar@gmail.com editor@khalsaakhbaar.com









1675- 2025

**ਨੌਂਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ, ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ ਅਤੇ ਭਾਈ ਦਿਆਲਾ ਜੀ ਦੀ 350 ਸਾਲਾ ਸ਼ਹੀਦੀ ਸਾਕੇ ਦੀ ਸ਼ਤਾਬਦੀ ਮੌਕੇ ਅਸੀਂ ਉਹਨਾਂ ਨੂੰ ਸ਼ਰਧਾ ਦੇ ਫੁੱਲ ਅਰਪਣ ਕਰਦੇ ਹਾਂ !**

ਵੱਲੋਂ: ਖ਼ਾਲਸਾ ਅਖ਼ਬਾਰ



ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ
350 ਸਾਲਾ ਗੁਰਿਆਈ ਦਿਵਸ
ਦੀ ਸ਼ਤਾਬਦੀ 'ਤੇ
ਅਸੀਂ ਦਸਮ ਪਿਤਾ ਜੀ ਨੂੰ
ਆਪਣਾ ਸਤਿਕਾਰ ਭੇਟ ਕਰਦੇ ਹਾਂ !

ਵੱਲੋਂ: ਖ਼ਾਲਸਾ ਅਖ਼ਬਾਰ

ਨੌਂਵੇਂ ਪਾਤਸ਼ਾਹ
ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ,
ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ
ਅਤੇ ਭਾਈ ਦਿਆਲਾ ਜੀ ਦੀ
350 ਸਾਲਾ ਸ਼ਹੀਦੀ ਸਾਕੇ ਦੀ
ਸ਼ਤਾਬਦੀ ਨੂੰ ਸਮਰਪਿਤ ਅੰਕ

# ਤਿਲਕ ਜੰਞੂ ਰਾਖਾ ਪ੍ਰਭ ਤਾ ਕਾ

ਲੰਮਾਂ ਸਮਾਂ ਦੁਨੀਆ ਵਿਚ ਬਾਦਸ਼ਾਹਾਂ ਦਾ ਪੁਸ਼ਤ-ਦਰ-ਪੁਸ਼ਤ ਰਾਜ ਰਿਹਾ ਹੈ। ਜੈਸਾ ਰਾਜਾ ਤੈਸੀ ਪਰਜਾ ਦਾ ਅਖਾਣ ਸ਼ਾਇਦ ਇਸ ਲੰਮੇ ਸਮੇਂ ਦੇ ਬਾਦਸ਼ਾਹੀ ਰਾਜ ਕਰਕੇ ਹੀ ਪ੍ਰਚਲਿਤ ਹੋਇਆ ਹੈ। ਰਾਜੇ ਦਾ ਧਰਮ ਜਨਤਾ ਦਾ ਧਰਮ, ਰਾਜੇ ਦੀ ਬੋਲੀ ਜਨਤਾ ਦੀ ਬੋਲੀ ਅਤੇ ਰਾਜੇ ਦਾ ਸੱਭਿਆਚਾਰ ਜਨਤਾ ਦਾ ਸੱਭਿਆਚਾਰ ਵਰਗੀਆਂ ਗੱਲਾਂ ਪਿੱਛੇ ਰਾਜੇ ਦਾ ਡਰ, ਰਾਜੇ ਤੋਂ ਬਖ਼ਸ਼ੀਸਾਂ ਦਾ ਲਾਲਚ ਅਤੇ ਰਾਜੇ ਨੂੰ ਖ਼ੁਸ਼ ਰੱਖਣ ਦਾ ਮੋਹ ਮਨੁੱਖੀ ਮਨਾਂ ਦੀ ਹੋਣੀ ਬਣ ਚੁੱਕਿਆ ਸੀ। ਇਹ ਇਕ ਗ਼ੁਲਾਮ ਜ਼ਹਿਨੀਅਤ ਸੀ ਜਿਸ ਕਰਕੇ ਇਸ ਕਿਸਮ ਦਾ ਇਕ ਮਜ਼ਬੀ (Theocratic) ਰਾਜ ਚੱਲਦਾ ਸੀ। ਬਾਦਸ਼ਾਹਾਂ ਵਿੱਚੋਂ ਵੀ ਕੁਝ ਅਜਿਹੇ ਬਾਦਸ਼ਾਹ ਹੋਏ ਜਿਨ੍ਹਾਂ ਨੇ ਜਨਤਾ ਨੂੰ ਧਰਮ, ਵਿਸ਼ਵਾਸ, ਬੋਲੀ, ਸੱਭਿਆਚਾਰ ਆਦਿ ਦੀ ਕਾਫੀ ਹੱਦ ਤਕ ਸੁਤੰਤਰਤਾ ਦਿੱਤੀ। ਇਸ ਪੱਖੋਂ ਸਮਰਾਟ ਅਸ਼ੋਕ, ਅਕਬਰ ਅਤੇ ਮਹਾਰਾਜਾ ਰਣਜੀਤ ਸਿੰਘ ਵਰਗੇ ਬਾਦਸ਼ਾਹ ਲੋਕਤੰਤਰੀ ਕਦਰਾਂ-ਕੀਮਤਾਂ ਵਿਚ ਵਿਸ਼ਵਾਸ ਰੱਖਦੇ ਸਨ ਅਤੇ ਸਮਝਦੇ ਸਨ ਕਿ ਜਨਤਾ ਦੀਆਂ ਭਾਵਨਾਵਾਂ ਨਾਲ ਧੱਕਾ ਨਹੀਂ ਕਰਨਾ ਚਾਹੀਦਾ। ਇਨ੍ਹਾਂ ਬਾਦਸ਼ਾਹਾਂ ਨੇ ਆਪਣੇ ਤੌਰ 'ਤੇ ਗ਼ੈਰ-ਮਜ਼ਬੀ (Secular) ਰਾਜ-ਪ੍ਰਬੰਧ ਦੇਣ ਦੀ ਕੋਸ਼ਿਸ਼ ਕੀਤੀ।

ਬਾਦਸ਼ਾਹ ਅਕਬਰ ਨੇ ਸ੍ਰੀ ਗੁਰੂ ਅਮਰਦਾਸ ਜੀ ਦੇ ਦਰਬਾਰ ਦੀ ਹਾਜ਼ਰੀ ਭਰੀ, ਗੁਰੂ-ਘਰ ਵਿਚ ਆ ਕੇ ਪੰਗਤ ਵਿਚ ਬੈਠ ਕੇ ਲੰਗਰ ਛਕਿਆ ਅਤੇ ਲੰਗਰ ਵਾਸਤੇ ਸੇਵਾ ਦੀ ਪੇਸ਼ਕਸ਼ ਵੀ ਕੀਤੀ। ਇਹ ਉਸ ਦੀ ਧਾਰਮਿਕ-ਸਹਿਨਸ਼ੀਲਤਾ ਦੀ ਨੀਤੀ ਸੀ।

ਪਰ ਜਹਾਂਗੀਰ ਬਾਦਸ਼ਾਹ ਪਹਿਲੀ ਤਰ੍ਹਾਂ ਦੇ ਬਾਦਸ਼ਾਹਾਂ ਵਿੱਚੋਂ ਸੀ ਜਿਹੜਾ ਚਾਹੁੰਦਾ ਸੀ ਕਿ ਲੋਕ ਉਸ ਦੇ ਮਜ਼ਬ, ਉਸ ਦੀ ਬੋਲੀ ਅਤੇ ਉਸ ਦੇ ਸੱਭਿਆਚਾਰ ਨੂੰ ਅਪਨਾਉਣ।

ਉਹ ਇਹ ਬਿਲਕੁਲ ਨਹੀਂ ਚਾਹੁੰਦਾ ਸੀ ਕਿ ਉਸ ਦੇ ਆਪਣੇ ਹੀ ਮਜ਼੍ਹਬ ਦੇ ਲੋਕ ਗੁਰੂ-ਘਰ ਦੇ ਸ਼ਰਧਾਲੂ ਬਣਨ। ਇਹੀ ਮੁੱਖ ਕਾਰਨ ਸੀ ਜਿਸ ਦੇ ਸਿੱਟੇ ਵਜੋਂ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਹੋਈ। ਬਾਦਸ਼ਾਹ ਔਰੰਗਜ਼ੇਬ ਜਹਾਂਗੀਰ ਤੋਂ ਵੀ ਦੋ ਕਦਮ ਅੱਗੇ ਸੀ। ਉਹ ਉਨ੍ਹਾਂ ਬਾਦਸ਼ਾਹਾਂ ਵਿੱਚੋਂ ਸੀ ਜਿਹੜੇ 'ਰਾਜੇ ਦਾ ਧਰਮ ਜਨਤਾ ਦਾ ਧਰਮ' ਵਿਚ ਪੱਕੀ ਤਰ੍ਹਾਂ ਵਿਸ਼ਵਾਸ ਰੱਖਦੇ ਸਨ। ਉਸ ਦਾ ਵਿਸ਼ਵਾਸ ਸੀ ਕਿ ਜੇ ਰਾਜਾ ਮੁਸਲਮਾਨ ਹੈ ਤਾਂ ਜਨਤਾ ਨੂੰ ਚਾਹੀਦਾ ਹੈ ਕਿ ਉਹ ਸਾਰੀ ਮੁਸਲਮਾਨ ਹੋ ਜਾਵੇ। ਇਸੇ ਕੱਟੜ ਨੀਤੀ ਤਹਿਤ ਉਸ ਨੇ ਗ਼ੈਰ-ਮੁਸਲਮਾਨਾਂ 'ਤੇ ਜਬਰ ਢਾਹੁਣੇ ਸ਼ੁਰੂ ਕਰ ਦਿੱਤੇ। ਡਾ. ਗੰਡਾ ਸਿੰਘ ਦੁਆਰਾ ਸੰਪਾਦਿਤ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਛਿਮਾਹੀ-ਪੱਤਰ ਦੀ ਪੰਜਾਬ, ਪਾਸਟ ਐਂਡ ਪਰੈਜ਼ੈਂਟ' ਦੇ ਅਪ੍ਰੈਲ ੧੯੭੫ ਦੇ ਅੰਕ ਵਿਚ ਪ੍ਰੋ. ਅਬਦੁਲ ਮਜ਼ੀਦ ਖਾਨ ਨੇ ਆਪਣੇ ਇਕ ਲੇਖ 'ਗੁਰੂ ਤੇਗ ਬਹਾਦਰ ਐਂਡ ਰਿਲੀਜੀਅਸ ਫਰੀਡਮ' ਵਿਚ ਦੱਸਿਆ ਹੈ ਕਿ ਭਾਰਤ ਵਿਚ ਔਰੰਗਜ਼ੇਬ ਵੱਲੋਂ ਅਕਬਰ ਅਤੇ ਕੁਝ ਹੋਰ ਮੁਸਲਿਮ ਬਾਦਸ਼ਾਹਾਂ ਦੁਆਰਾ ਅਪਨਾਈ ਹਿੰਦੂ ਧਰਮ ਪ੍ਰਤੀ ਸਹਿਨਸ਼ੀਲਤਾ ਦੀ ਨੀਤੀ ਨੂੰ ਤਿਆਗਣ ਕਰਕੇ ਮੁਗ਼ਲ-ਰਾਜ ਦਾ ਤਖ਼ਤ ਹਿੱਲ ਗਿਆ। ਆਪ ਲਿਖਦੇ ਹਨ : At the instance of Aurangzeb, Sher Afgan Khan, The Viceroy of Kashmir started wholesale conversion to Islam of the Pundits living in the beautiful valley of Kashmir, Thousands of the Hindus were compelled to go over to the Muslim faith.'

ਧੱਕੇ ਨਾਲ ਧਰਮ-ਬਦਲੀ ਕਰਨ ਦੇ ਇਸ ਜਬਰ ਤੋਂ ਤੰਗ ਆ ਕੇ ਕਸ਼ਮੀਰੀ ਪੰਡਤਾਂ ਦਾ ਇਕ ਵਫ਼ਦ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਪਾਸ ਸਹਾਇਤਾ ਅਤੇ ਅਗਵਾਈ ਲਈ ਪਹੁੰਚਿਆ। ਇਸ ਵਫ਼ਦ ਨੂੰ ਇਸ ਇਤਿਹਾਸਿਕ ਸੱਚਾਈ ਦਾ ਅਹਿਸਾਸ ਸੀ ਕਿ ਗੁਰੂ ਜੀ ਦੇ ਦਾਦਾ ਜੀ ਸ੍ਰੀ ਗੁਰੂ ਅਰਜਨ ਦੇਵ ਜੀ ਜਬਰ ਦਾ ਸ਼ਾਂਤਮਈ ਢੰਗ ਨਾਲ ਟਾਕਰਾ ਕਰਦੇ ਹੋਏ ਮਹਾਨ ਸ਼ਹੀਦੀ ਪਾ ਗਏ ਸਨ ਅਤੇ ਉਨ੍ਹਾਂ ਦੇ ਪਿਤਾ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਮੁਗ਼ਲਾਂ ਦੇ ਜਬਰ ਵਿਰੁੱਧ ਲੜਦਿਆਂ ਲੜਾਈਆਂ ਲੜੀਆਂ ਸਨ। ਜਬਰ ਦਾ ਵਿਰੋਧ ਤਾਂ ਸ੍ਰੀ ਗੁਰੂ ਨਾਨਕ ਦੇਵ ਜੀ ਵੱਲੋਂ ਬਾਬਰ ਅਤੇ ਉਸ ਦੀ ਫੌਜ ਨੂੰ 'ਪਾਪ ਕੀ ਜੰਞ' ਕਹਿਣ ਨਾਲ ਜੀ ਸ਼ੁਰੂ ਹੋ ਚੁੱਕਾ ਸੀ। ਇਸ ਤਰ੍ਹਾਂ ਇਸ ਇਤਿਹਾਸਿਕ ਅਮੀਰ ਪਰੰਪਰਾ ਦੀ ਉਸੇ ਲੜੀ ਵਿਚ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਧਰਮ ਅਤੇ ਵਿਸ਼ਵਾਸ ਦੀ ਅਜ਼ਾਦੀ ਦੀ ਰੱਖਿਆ ਲਈ ਕੁਰਬਾਨੀ ਦੇਣ ਲਈ ਤਿਆਰ ਹੋ ਗਏ। ਗੁਰੂ ਜੀ ਦੀ ਰਚੀ ਬਾਣੀ ਵਿੱਚੋਂ ਵੀ ਉਨ੍ਹਾਂ ਦੀ ਨਿਰਭੈਤਾ ਦੇ ਦਰਸ਼ਨ ਹੁੰਦੇ ਹਨ। ਉਹ ਨਾ ਕਿਸੇ ਨੂੰ ਡਰਾਉਣ ਅਤੇ ਨਾ ਹੀ ਕਿਸੇ ਤੋਂ ਡਰਨ ਦੇ ਸਿਧਾਂਤ ਵਿਚ ਵਿਸ਼ਵਾਸ ਰੱਖਣ ਵਾਲੇ ਸਨ। ਆਪ ਜੀ ਦਾ ਪਵਿੱਤਰ ਫ਼ੁਰਮਾਨ ਹੈ:

ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ ॥<br>
ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨਿ ॥<br>
(ਅੰਗ ੧੪੨੭)

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਪਿਤਾ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਮਹਾਨ ਸ਼ਹੀਦੀ ਦਾ ਬਿਆਨ ਕਰਦਿਆਂ ਇਸ ਤਰ੍ਹਾਂ ਫ਼ੁਰਮਾਇਆ ਹੈ:

-ਤਿਲਕ ਜੰਞੂ ਰਾਖਾ ਪ੍ਰਭ ਤਾ ਕਾ ।।ਕੀਨੋ ਬਡੋ ਕਲੂ ਮਹਿ ਸਾਕਾ ।।<br>
- ਸਾਧਨ ਹੇਤਿ ਇਤੀ ਜਿਨਿ ਕਰੀ ।।ਸੀਸੁ ਦੀਯਾ ਪਰੁ ਸੀ ਨ ਉਚਰੀ ।।<br>
ਧਰਮ ਹੇਤ ਸਾਕਾ ਜਿਨਿ ਕੀਆ ।।ਸੀਸੁ ਦੀਆ ਪਰੁ ਸਿਰਰੁ ਨ ਦੀਆ ॥<br>
- ਠੀਕਰ ਫੋਰਿ ਦਿਲੀਸ ਸਿਰਿ ਪ੍ਰਭ ਪੁਰ ਕੀਯਾ ਪਯਾਨ ।।<br>
ਤੇਗ ਬਹਾਦੁਰ ਸੀ ਕ੍ਰਿਆ ਕਰੀ ਨ ਕਿਨਹੂੰ ਆਨਿ ।।<br>
ਤੇਗ ਬਹਾਦੁਰ ਕੇ ਚਲਤ ਭਯੋ ਜਗਤ ਕੋ ਸੋਕ ।।<br>
ਹੈ ਹੈ ਹੈ ਸਭ ਜਗ ਭਯੋ ਜੈ ਜੈ ਜੈ ਸੁਰ ਲੋਕਿ ।। (ਬਚਿੱਤ੍ਰ ਨਾਟਕ)

ਤਿਲਕ ਅਤੇ ਜਨੇਊ ਦੇ ਰਾਖੇ ਤੋਂ ਭਾਵ ਧਰਮ ਅਤੇ ਵਿਸ਼ਵਾਸ ਦੇ ਰੱਖਿਅਕ ਤੋਂ ਹੈ। ਕਿਉਂਕਿ ਉਸ ਸਮੇਂ ਇਹ ਚੀਜ਼ਾਂ ਲੁਹਾਈਆਂ ਜਾ ਰਹੀਆਂ ਸਨ, ਇਸ ਕਰਕੇ ਇਨ੍ਹਾਂ ਦਾ ਜ਼ਿਕਰ ਹੋਇਆ ਹੈ। ਜੇਕਰ ਕੋਈ ਹੋਰ ਧਾਰਮਿਕ ਚਿੰਨ੍ਹ ਜਾਂ ਵਿਸ਼ਵਾਸ ਦੇ ਚਿੰਨ੍ਹ ਕਿਤੇ ਜਬਰੀ ਲੁਹਾਏ ਜਾਂਦੇ ਤਾਂ ਧਰਮ ਦੇ ਰੱਖਿਅਕ ਉਨ੍ਹਾਂ ਦੀ ਵੀ ਰੱਖਿਆ ਕਰਦੇ। 'ਧਰਮ' ਸ਼ਬਦ ਬਹੁਤ ਹੀ ਵਿਸ਼ਾਲਤਾ ਵਾਲਾ ਸ਼ਬਦ ਹੈ। ਇਹ ਸ਼ਬਦ ਆਪਣੇ-ਆਪ ਵਿਚ ਹੀ ਸੱਚ, ਨਿਆਂ, ਅਜ਼ਾਦੀ, ਬਰਾਬਰੀ, ਮਾਨਵਵਾਦ, ਇਨਸਾਨੀਅਤ ਜਿਹੇ ਮਹਾਨ ਗੁਣਾਂ ਨੂੰ ਸਮੋਈ ਬੈਠਾ ਹੈ। ਜਿੱਥੇ ਧਰਮ ਹੈ, ਉੱਥੇ ਜਬਰ ਹੋ ਹੀ ਨਹੀਂ ਸਕਦਾ। ਜੇਕਰ ਔਰੰਗਜ਼ੇਬ ਬਾਦਸ਼ਾਹ ਸਹੀ ਅਰਥਾਂ ਵਿਚ ਇਸਲਾਮ ਨੂੰ ਸਮਝਦਾ ਹੁੰਦਾ ਤਾਂ ਉਹ ਕਦੇ ਵੀ ਅਜਿਹੇ ਜ਼ੁਲਮ ਨਹੀਂ ਕਰ ਸਕਦਾ ਸੀ। ਦੁਨੀਆ ਦੇ ਸਾਰੇ ਧਰਮ ਗ੍ਰੰਥ ਸੱਚ ਅਤੇ ਮਾਨਵਤਾ ਦਾ ਪਾਠ ਪੜਾਉਂਦੇ ਹਨ। ਧਰਮ ਤਾਂ ਪ੍ਰੇਮ ਨਾਲ ਭਰਪੂਰ ਹੁੰਦਾ ਹੈ। ਧਰਮ ਦਾ ਨਫ਼ਰਤ ਨਾਲ ਕੋਈ ਦੂਰ ਦਾ ਵੀ ਸੰਬੰਧ ਨਹੀਂ ਹੁੰਦਾ। ਔਰੰਗਜ਼ੇਬ ਨੂੰ ਲਿਖੇ ਪੱਤਰ 'ਜ਼ਫ਼ਰਨਾਮਾ' ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਨੇ ਬੜਾ ਸਪਸ਼ਟ ਲਿਖਿਆ ਹੈ:

ਨਾ ਈਮਾਂ ਪਰਸਤੀ ਨ ਅਉਜ਼ਾਇ ਦੀਂ। ਨ ਸਾਹਿਬ ਸ਼ਨਾਸੀ ਨ ਮੁਹੱਮਦ ਯਕੀਂ ॥

'ਔਰੰਗਜ਼ੇਬ! ਨਾ ਤੂੰ ਦੀਨ ਈਮਾਨ ਉੱਤੇ ਕਾਇਮ ਹੈਂ ਤੇ ਨਾ ਹੀ ਤੂੰ ਸ਼ਰ੍ਹਾ-ਸ਼ਰੀਅਤ ਦਾ ਪਾਬੰਦ ਹੈ। ਨਾ ਤੈਨੂੰ ਪਰਮਾਤਮਾ ਦੀ ਪਛਾਣ ਹੈ ਅਤੇ ਨਾ ਹੀ ਤੇਰਾ ਹਜ਼ਰਤ ਮੁਹੰਮਦ ਸਾਹਿਬ ਉੱਤੇ ਹੀ ਭਰੋਸਾ ਹੈ। ਇਸ ਪੱਤਰ ਵਿਚ ਥਾਂ-ਥਾਂ ਗੁਰੂ ਸਾਹਿਬ ਜੀ ਨੇ ਔਰੰਗਜ਼ੇਬ ਨੂੰ ਪਵਿੱਤਰ ਕੁਰਾਨ ਦੀਆਂ ਕਸਮਾਂ ਤੋੜਨ ਵਾਲਾ ਅਤੇ ਧੋਖੇਬਾਜ਼ ਲਿਖਿਆ ਹੈ। ਉਸ ਨੂੰ ਸੱਚੇ ਧਰਮ ਤੋਂ ਦੂਰ ਦੱਸਿਆ ਹੈ।

ਔਰੰਗਜ਼ੇਬ ਬਾਦਸ਼ਾਹ ਦੀ ਨੀਤੀ ਕੱਟੜਤਾ ਵਾਲੀ ਅਤੇ ਦੂਜਿਆਂ ਨੂੰ ਆਪਣਾ ਗ਼ੁਲਾਮ ਬਣਾ ਕੇ ਰੱਖਣ ਵਾਲੀ ਸੀ। ਇਹ ਨੀਤੀ ਬੁਨਿਆਦੀ ਤੌਰ 'ਤੇ ਹੀ ਧਰਮ ਅਤੇ ਵਿਸ਼ਵਾਸ ਦੀ ਅਜ਼ਾਦੀ ਦੇ ਵਿਰੁੱਧ ਸੀ। ਇਸ ਲਈ ਸ੍ਰੀ ਗੁਰੂ ਤੇਗ ਬਹਾਦਰ ਜੀ ਵੱਲੋਂ ਇਸ ਨੀਤੀ ਦਾ ਵਿਰੋਧ ਸੁਭਾਵਿਕ ਹੀ ਸੀ ਅਤੇ ਆਪ ਜੀ ਨੇ ਇਸ ਜਬਰ ਭਰੀ ਨੀਤੀ ਦਾ ਵਿਰੋਧ ਕਰਦੇ ਹੋਏ ਦ੍ਰਿੜਤਾ ਅਤੇ ਸਿਰੜ ਨੂੰ ਕਾਇਮ ਰੱਖਦੇ ਹੋਏ ਧਰਮ ਦੀ ਰੱਖਿਆ ਲਈ ਆਪਣਾ ਸੀਸ ਦੇ ਦਿੱਤਾ। ਔਰੰਗਜ਼ੇਬ ਦੀ ਕਠੋਰ ਨੀਤੀ ਅੱਗੇ ਉਹ ਬਿਲਕੁਲ ਨਹੀਂ ਝੁਕੇ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ ਸ਼ਹੀਦ ਕਰਨ ਤੋਂ ਪਹਿਲਾਂ ਉਨ੍ਹਾਂ ਦੇ ਨਾਲ ਗਏ ਗੁਰਸਿੱਖਾਂ ਨੂੰ ਉਨ੍ਹਾਂ ਦੇ ਸਾਹਮਣੇ ਬੇਦਰਦੀ ਨਾਲ ਸ਼ਹੀਦ ਕੀਤਾ ਗਿਆ। ਜਿੰਨੀ ਬੇਦਰਦੀ ਨਾਲ ਇਨ੍ਹਾਂ ਗੁਰਸਿੱਖਾਂ ਨੂੰ ਇਹ ਸਜ਼ਾਵਾਂ ਦਿੱਤੀਆਂ ਗਈਆਂ, ਓਨੀ ਬੇਦਰਦੀ ਤਾਂ ਸ਼ਾਇਦ ਸ਼ੈਤਾਨ ਵੀ ਨਾ ਕਰ ਸਕਦਾ। ਏਨੇ ਤਸੀਹੇ ਦੇਣ ਦੇ ਹੁਕਮ ਕਰਨ ਵਾਲਾ ਬਾਦਸ਼ਾਹ ਔਰੰਗਜ਼ੇਬ ਖ਼ੁਦ ਕਿਵੇਂ ਧਰਮ ਦਾ ਪੱਕਾ ਕਹਾ ਸਕਦਾ ਹੈ? ਕਿਵੇਂ ਉਸ ਨੂੰ ਪਵਿੱਤਰ ਕੁਰਾਨ ਦੀ ਸਿੱਖਿਆ 'ਤੇ ਚੱਲਣ ਵਾਲਾ ਮੰਨਿਆ ਜਾ ਸਕਦਾ ਹੈ? ਧੰਨ ਹਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਜਿਹੜੇ ਫਿਰ ਵੀ ਔਰੰਗਜ਼ੇਬ ਨੂੰ 'ਜ਼ਫ਼ਰਨਾਮਾ' ਵਿਚ ਸਹੀ ਰਸਤੇ 'ਤੇ ਆਉਣ ਦਾ ਸੰਦੇਸ਼ ਦਿੰਦੇ ਹਨ। ਉਸ ਨੂੰ ਸੱਚ, ਨਿਆਂ, ਈਮਾਨ ਅਤੇ ਧਰਮ 'ਤੇ ਚੱਲਣ ਲਈ ਕਹਿੰਦੇ ਹਨ। ਉਸ ਨੂੰ ਇਸਲਾਮ ਦੇ ਸਹੀ ਨਿਯਮ ਸਮਝਾਉਂਦੇ ਹਨ। ਉਸ ਨੂੰ ਅੱਲ੍ਹਾ ਦੇ ਰਹਿਮ ਦੇ ਗੁਣ ਦੱਸਦੇ ਹਨ।

ਸੱਚ ਅਤੇ ਧਰਮ ਲਈ ਸਿਰ ਦੇਣ ਦੀ ਗੱਲ ਤਾਂ ਸ੍ਰੀ ਗੁਰੂ ਨਾਨਕ ਦੇਵ ਜੀ ਖੁਦ ਹੀ ਲਿਖ ਗਏ ਸਨ। ਸੱਚ ਅਤੇ ਧਰਮ ਦੀ ਅਜ਼ਾਦੀ ਲਈ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਆਪਣਾ ਸੀਸ ਦੇ ਕੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪਵਿੱਤਰ ਸ਼ਬਦਾਂ ਨੂੰ ਅਮਲੀ ਰੂਪ ਦੇ ਦਿੱਤਾ। ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪਵਿੱਤਰ ਫ਼ੁਰਮਾਨ ਹੈ:

ਜਉ ਤਉ ਪ੍ਰੇਮ ਖੇਲਣ ਕਾ ਚਾਉ ॥<br>
ਸਿਰੁ ਧਰਿ ਤਲੀ ਗਲੀ ਮੇਰੀ ਆਉ ॥<br>
ਇਤੁ ਮਾਰਗਿ ਪੈਰੁ ਧਰੀਜੈ ॥ਸਿਰੁ ਦੀਜੈ ਕਾਣਿ ਨ ਕੀਜੈ ॥

ਪ੍ਰੋ. ਅਬਦੁਲ ਮਜੀਦ ਖਾਨ ਨੇ ਬੜੇ ਹੀ ਸੁੰਦਰ ਸ਼ਬਦਾਂ ਵਿਚ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹੀਦੀ ਨੂੰ ਲੋਕਤੰਤਰੀ ਕਦਰਾਂ-ਕੀਮਤਾਂ ਅਤੇ ਧਾਰਮਿਕ ਅਜ਼ਾਦੀ ਦੀ ਰੱਖਿਆ ਲਈ ਮਹਾਨ ਸ਼ਹਾਦਤ ਦੱਸਦੇ ਹੋਏ ਲਿਖਿਆ ਹੈ:

Guru Tegh Bahadur the ninth Master, is one of the greatest world martyr like Socrates, Jesus and Hussain. He stood up for religious freedom and for promoting the spirit of republicanism in religion.

(Article Guru Tegh Bahadur And Religious Freedom)

ਸੱਚਮੁਚ ਹੀ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਧਰਮ ਦੀ ਅਜ਼ਾਦੀ, ਵਿਸ਼ਵਾਸ ਦੀ ਅਜ਼ਾਦੀ, ਜੀਣ ਦੀ ਅਜ਼ਾਦੀ, ਸੱਭਿਆਚਾਰ ਦੀ ਅਜ਼ਾਦੀ, ਭਾਸ਼ਾ ਅਤੇ ਵਿਚਾਰਾਂ ਦੀ ਅਜ਼ਾਦੀ ਅਤੇ ਰਹਿਣ-ਸਹਿਣ ਦੀ ਅਜ਼ਾਦੀ ਦੀ ਰੱਖਿਆ ਖ਼ਾਤਰ ਮਹਾਨ ਕੁਰਬਾਨੀ ਦਿੱਤੀ। ਅਜ਼ਾਦੀ ਦੀਆਂ ਇਨ੍ਹਾਂ ਮਹਾਨ ਕਦਰਾਂ-ਕੀਮਤਾਂ ਦੀਆਂ ਨੀਂਹਾਂ ਨੂੰ ਪੱਕਾ ਕਰਨ ਵਿਚ ਗੁਰੂ ਜੀ ਅਤੇ ਉਨ੍ਹਾਂ ਦੇ ਮਹਾਨ ਗੁਰਸਿੱਖਾਂ ਨੇ ਸ਼ਹਾਦਤ ਦੇ ਕੇ ਮਹਾਨ ਯੋਗਦਾਨ ਪਾਇਆ। ਆਧੁਨਿਕ ਯੁੱਗ ਵਿਚ ਅਜ਼ਾਦੀ ਦੀਆਂ ਇਨ੍ਹਾਂ ਭਾਵਨਾਵਾਂ ਦੀ ਕੀਮਤ ਹੋਰ ਵੀ ਵਧ ਚੁੱਕੀ ਹੈ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਮਹਾਨ ਸ਼ਹਾਦਤ ਲਈ ਮਨੁੱਖਤਾ ਉਨ੍ਹਾਂ ਦੀ ਸਦਾ ਲਈ ਰਿਣੀ ਰਹੇਗੀ।

ਸ. ਸੁਖਦੇਵ ਸਿੰਘ ਸ਼ਾਂਤ

# ਜਦ ਭਾਈ ਫੱਗੋ ਮੱਲ ਨੇ ਨੌਵੇਂ ਸਤਿਗੁਰੂ ਦੇ ਦਰਸ਼ਨ ਕੀਤੇ

ਉਨ੍ਹਾਂ ਵਾਲਿਆਂ ਨਾਲ ਯਾਰੀਆਂ ਲਾ ਕੇ ਛੋਟੇ ਦਰਵਾਜ਼ੇ ਥੋੜ੍ਹਾ ਰੱਖੇ ਜਾ ਸਕਦੇ ਨੇ? ਵੱਡਿਆਂ ਘਰਾਂ ਦੇ ਵੱਡੇ ਦਰਵਾਜ਼ੇ। ਭਾਈ ਫੱਗੋ ਮੱਲ ਘਰ ਦੀ ਡਿਉੜੀ ਉਸਾਰ ਰਿਹਾ ਸੀ, ਜਿਸ ਦੇ ਦਰਵਾਜ਼ੇ ਵਿੱਚੋਂ ਦੀ ਹਾਥੀ ਲੰਘ ਜਾਵੇ, ਘੋੜ ਚੜ੍ਹਿ ਆ ਅਸਵਾਰ ਅਸਾਨੀ ਨਾਲ ਅੰਦਰ ਜਾ ਸਕੇ। ਆਂਢੀਆਂ-ਗੁਆਂਢੀਆਂ ਮਸ਼ਕਰੀ-ਖੋਰਿਆਂ ਆਖਿਆ- 'ਚਾਚਾ! ਔਰੰਗਜ਼ੇਬ ਦੀ ਸਵਾਰੀ ਆਉਣੀ ਏ ਘਰੇ? ਦਰਵਾਜ਼ਾ ਜੁ ਇੰਨਾ ਵੱਡਾ ਰੱਖਿਆ ਏ?' ਤੇ ਉੱਤਰ ਵਿਚ ਭਾਈ ਫੱਗੋ ਮੱਲ ਮੁਸਕਰਾ ਪਿਆ ਤੇ ਆਖਣ ਲੱਗਾ- 'ਔਰੰਗੇ ਦਾ ਇੱਥੇ ਕੀ ਕੰਮ? ਮੇਰੇ ਪਿਆਰੇ ਸਤਿਗੁਰਾਂ ਨੇ ਆਉਣਾ ਏ। ਮੇਰੇ ਦਿਲ ਦੀ ਭਾਵਨਾ, ਮੇਰੇ ਸਤਿਗੁਰੂ ਘੋੜੇ 'ਤੇ ਚੜ੍ਹੇ-ਚੜ੍ਹਾਏ ਮੇਰੇ ਘਰ ਪ੍ਰਵੇਸ਼ ਕਰਨ, ਭਾਵਨਾ ਨੂੰ ਫਲ ਜ਼ਰੂਰ ਲੱਗੇਗਾ।' ਇਹ ਆਖਦਾ-ਆਖਦਾ ਭਾਈ ਫੱਗੋ ਮੱਲ ਵਿਸਮਾਦ ਵਿਚ ਗੁਆਚ ਗਿਆ। ਭਾਈ ਫੱਗੋ ਮੱਲ ਆਪਣੇ ਇਲਾਕੇ ਦਾ ਪ੍ਰਸਿੱਧ ਗੁਰਮਤਿ-ਪ੍ਰਚਾਰਕ ਸੀ। ਸਤਿਗੁਰਾਂ ਵੱਲੋਂ ਉਸ ਨੂੰ ਮੰਜੀ ਬਖਸ਼ੀ ਹੋਈ ਸੀ—ਭਾਵ ਧਰਮ-ਪ੍ਰਚਾਰ ਕੇਂਦਰ ਤੇ ਉਸ ਦੀ ਮਸੰਦੀ ਭਾਈ ਫੱਗੋ ਮੱਲ ਕੋਲ ਸੀ। ਇਹ ਸੱਚਾ-ਸੁੱਚਾ ਭਲਾ ਮਸੰਦ ਸੀ। ਸਸਾਰਾਮ ਦੇ ਇਲਾਕੇ ਵਿਚ ਆਪ ਜੀ ਦਾ ਬੜਾ ਸਤਿਕਾਰ ਸੀ। ਮਸੰਦ ਪ੍ਰਥਾ ਸ੍ਰੀ ਗੁਰੂ ਅਮਰਦਾਸ ਜੀ ਵੱਲੋਂ ਅਰੰਭੀ ਗਈ ਸੀ। ਬਾਦਸ਼ਾਹ ਅਕਬਰ ਦੇ ਸਮੇਂ ਭਾਰਤ-ਦੇਸ਼ ਦੇ ਬਾਈ ਸੂਬੇ ਸਨ। ਉਸੇ ਹਿਸਾਬ ਨਾਲ ਤੀਜੀ ਪਾਤਸ਼ਾਹੀ ਸ੍ਰੀ ਗੁਰੂ ਅਮਰਦਾਸ ਜੀ ਵੱਲੋਂ ਬਾਈ ਪ੍ਰਚਾਰ ਕੇਂਦਰ ਮੰਜੀਆਂ ਦੇ ਰੂਪ ਵਿਚ ਕਾਇਮ ਕੀਤੇ ਹੋਏ ਸਨ ਤੇ ਇਨ੍ਹਾਂ ਹੀ ਨਹੀਂ ਬਹੱਤਰ ਪੀਹੜੇ ਸਿੱਖ ਬੀਬੀਆਂ ਨੂੰ ਵੀ ਬਖਸ਼ੇ ਹੋਏ ਸਨ। ਉਦੋਂ ਤੋਂ ਹੀ ਧਰਮ ਪ੍ਰਚਾਰ ਦਾ ਇਹ ਪ੍ਰਬੰਧ ਤੁਰਿਆ ਆਉਂਦਾ ਸੀ। ਸ੍ਰੀ ਗੁਰੂ ਤੇਗ ਬਹਾਦਰ ਜੀ ਮਹਾਰਾਜ ਦਾ ਸਮਾਂ ਆਇਆ। ਉਦੋਂ ਸਸਾਰਾਮ ਨਗਰ ਦੀ ਮੰਜੀ ਦਾ ਮੁਖੀ ਮਸੰਦ ਸੀ ਭਾਈ ਫੱਗੋ ਮੱਲ ਕਥਨੀ ਤੇ ਕਰਨੀ ਦਾ ਪੂਰਾ। ਗੁਰਮੁਖੀ ਰੰਗਾਂ ਵਿਚ ਲੱਥ-ਪੱਥ ਰਹਿੰਦਾ। ਭਾਈ ਫੱਗੋ ਮੱਲ ਨੂੰ ਇਲਾਕੇ ਦੀਆਂ ਸੰਗਤਾਂ 'ਚਾਚਾ ਫੱਗੋ' ਦੇ ਨਾਂ ਨਾਲ ਪਿਆਰ ਸਹਿਤ ਪੁਕਾਰਿਆ ਕਰਦੀਆਂ ਸਨ। ਸਤਿਗੁਰੂ ਤੇਗ ਬਹਾਦਰ ਜੀ ਜਦੋਂ ਸਿੱਖੀ ਦਾ ਪ੍ਰਚਾਰ ਕਰਦੇ ਪਟਨੇ ਵੱਲ ਜਾ ਰਹੇ ਸਨ ਤਾਂ ਸਿੱਖ ਸੰਗਤਾਂ ਨੂੰ ਨਿਹਾਲ ਕਰਦੇ ਹੋਏ, ਜੌਨਪੁਰ ਤੋਂ ਬਨਾਰਸ ਪੁੱਜੇ, ਬਨਾਰਸ ਤੋਂ ਪੂਰਬ ਵੱਲ ਤਕਰੀਬਨ ੮੦ ਕਿਲੋਮੀਟਰ ਦੀ ਵਿੱਥ 'ਤੇ ਭਾਈ ਫੱਗੋ ਮੱਲ ਦੇ ਪ੍ਰੇਮ-ਪਿਆਰ ਦੇ ਖਿੱਚੇ, ਇਸ ਦੇ ਨਗਰ ਸਸਾਰਾਮ ਵੱਲ ਹੋ ਤੁਰੇ। ਇਸੇ ਸਾਖੀ ਦਾ ਜ਼ਿਕਰ ਮਹਾਂਕਵੀ ਭਾਈ ਸੰਤੋਖ ਸਿੰਘ ਜੀ ਨੇ 'ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ' ਦੇ ਸਫ਼ਾ ੪੧੯੦ ਰਾਸਿ-੧੧, ਅੰਸੂ ੪੫ 'ਤੇ ਕੀਤਾ ਹੈ ਜਿਸ ਵਿਚ ਲਿਖਿਆ ਹੈ :

- ਸਹਸਰਾਵ ਕੋ ਚਲੇ ਅਗਾਰੀ ।<br>
ਤਹਿ ਇਕ ਬਸਹਿ ਪ੍ਰੇਮ ਧਰਿ ਭਾਰੀ ।<br>
ਗੁਰੂ ਕੋ ਸਿੱਖ ਹੁਤੋ ਅਭਿਰਾਮ ।<br>
ਚਾਚਾ ਫੱਗੋ ਤਿਸ ਕੋ ਨਾਮ ।। ॥

ਭਾਈ ਫੱਗੋ ਮੱਲ ਜੀ ਵੱਲੋਂ ਘਰ ਦਾ ਵੱਡਾ ਦਰਵਾਜ਼ਾ ਬਣਾਉਣ ਦਾ ਪ੍ਰਸੰਗ ਭਾਈ ਸੰਤੋਖ ਸਿੰਘ ਜੀ ਨੇ ਬਿਆਨ ਕੀਤਾ ਹੈ:

- ਬੂਝਨਿ ਕਰਯੋ ਸਭਿਨਿ ਨੇ ਐਸੇ। ਪੌਰ ਇਤੇ ਕਰਿਵਾਯਹੁ ਕੈਸੇ?।<br>
ਸਰਬ ਸਦਨ ਕੋ ਤਜਯੋ ਪ੍ਰਮਾਨ। ਰਾਖਯੋ ਦ੍ਵਾਰਾ ਕੁਤੋ ਮਹਾਨ?॥ ॥<br>
ਸੁਨਿ ਫੱਗੋ ਨੇ ਉੱਤਰ ਦੀਨਾ। ਸਦਨ ਚਿਨਾਵਤਿ ਮੈਂ ਪ੍ਰਣ ਕੀਨਾ॥<br>
ਸਤਿਗੁਰ ਆਵਹਿੰਗੇ ਮਮ ਡੇਰੇ। ਅੰਤਰਜਾਮੀ ਘਟ ਘਟ ਕਰੇ ॥ ॥...<br>
ਸ਼ਸਤ੍ਰਨਿ ਸਹਤਿ ਅਰੂਢਿ ਤੁਰੰਗ।<br>
ਆਵਹਿੰਗੇ ਜਬਿ ਭਏ ਉਤੰਗ ॥ ॥<br>
'ਵਹਿਰ ਨਹੀਂ ਪ੍ਰਭ ਉਤਰਨਿ ਕਰੈਂ।<br>
ਚਢੇ ਤੁਰੰਗਮ ਮਮ ਘਰ ਬਰੈਂ॥'

ਸ੍ਰੀ ਗੁਰੂ ਤੇਗ ਬਹਾਦਰ ਜੀ ਗੁਰਸਿੱਖ ਪ੍ਰੇਮੀ ਦੀ ਭਾਵਨਾ ਪੂਰਤੀ ਹਿਤ ਸਸਾਰਾਮ ਨਗਰ ਵਿਖੇ ਸਮੁੱਚੇ ਵਹੀਰ ਸਮੇਤ ਪ੍ਰਵੇਸ਼ ਹੋਏ। ਕਦੇ ਇਸੇ ਅਸਥਾਨ 'ਤੇ ਸ੍ਰੀ ਗੁਰੂ ਨਾਨਕ ਦੇਵ ਜੀ ਵੀ ਪਹੁੰਚੇ ਸਨ। ਚਾਚਾ ਫੱਗੋ ਪੁਰਾਤਨ ਮਸੰਦ ਸੀ ਤੇ ਸਾਲ ਦੋ ਸਾਲ ਪਿੱਛੋਂ ਸ੍ਰੀ ਅੰਮ੍ਰਿਤਸਰ ਸਤਿਗੁਰਾਂ ਦੇ ਦਰਸ਼ਨ ਕਰਦਾ ਤੇ ਕਾਰ-ਭੇਟਾਵਾਂ ਦਿੰਦਾ। ਉਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ, ਸ੍ਰੀ ਗੁਰੂ ਹਰਿ ਰਾਇ ਸਾਹਿਬ ਅਤੇ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਦੇ ਪ੍ਰਤੱਖ ਦਰਸ਼ਨ ਕਰ ਚੁੱਕਾ ਸੀ ਪਰ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਦਰਸ਼ਨ ਕਰਨ ਦਾ ਪਹਿਲੀ ਵਾਰ ਅਵਸਰ ਬਣ ਰਿਹਾ ਸੀ।

ਅਚਨਚੇਤ ਜਿਵੇਂ ਗੱਲ ਹੋਵੇ ਕਿ ਸ੍ਰੀ ਗੁਰੂ ਤੇਗ ਬਹਾਦਰ ਜੀ ਮਹਾਰਾਜ ਘੋੜੇ 'ਤੇ ਅਸਵਾਰ ਚੜ੍ਹੇ-ਚੜ੍ਹਾਏ ਚਾਚਾ ਫੱਗੋ ਦੀ ਡਿਊ ਡਿਉੜੀ ਪ੍ਰਵੇਸ਼ ਕਰ ਗਏ। ਅੰਦਰ ਵੱਡੇ ਵਿਹੜੇ ਵਿਚ ਜਾ ਘੋੜਾ ਖੜ੍ਹਾਇਆ। ਘਰ ਦੇ ਸਾਰੇ ਜੀਅ ਸਮੇਤ ਚਾਚਾ ਫੱਗੋ ਜੀ ਹੈਰਾਨ ਰਹਿ ਗਏ, ਜਿਸ ਦਾ ਜ਼ਿਕਰ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਵਿਚ ਇੰਞ ਕੀਤਾ ਹੈ:

ਇਤ ਉਤ ਨਰ ਹੇਰਹਿ ਸਮੁਦਾਇ।<br>
ਇਹ ਕੋ ਨਭ ਤੇ ਉਤਰਯੋ ਆਇ?<br>
ਮਹਾਰਾਜ ਸਮ ਬਡ ਉਤਸ਼ਾਹੀ।<br>
ਕਿਤ ਤੇ ਸ਼ੰਕਮਾਨ ਚਿਤ ਨਾਂਹੀ॥

ਚਾਚਾ ਫੱਗੋ ਜੀ ਦਾ ਦਿਲ ਗਦ-ਗਦ ਹੋ ਉਠਿਆ। ਫਿਰ ਕੀ ਸੀ, ਪਲਾਂ 'ਚ ਨਗਰ ਦੀਆਂ ਸਿੱਖ ਸੰਗਤਾਂ ਚਾਚਾ ਫੱਗੋ ਜੀ ਦੇ ਘਰੇ ਇਕੱਠੀਆਂ ਹੋ ਗਈਆਂ। ਸਤਿਗੁਰੂ ਜੀ ਲਈ ਵੱਡਾ ਤਖਤ-ਨੁਮਾ ਪਲੰਘ ਸਜਾ ਦਿੱਤਾ ਗਿਆ। ਸਭ ਤੋਂ ਪਹਿਲੋਂ ਭਾਈ ਫੱਗੋ ਮੱਲ ਜੀ ਦੇ ਪਰਵਾਰ ਨੇ ਭੇਟਾਵਾਂ ਸਹਿਤ ਮੱਥਾ ਟੇਕਿਆ। ਮਗਰੋਂ ਸਾਰੀਆਂ ਸੰਗਤਾਂ ਨੇ ਮੱਥਾ ਟੇਕਿਆ। ਦੁੱਧ ਦੇ ਛੰਨੇ ਭਰ-ਭਰ ਸੰਗਤਾਂ ਵਿਚ ਵਰਤਾਏ ਗਏ, (ਕੜਾਹ-ਪ੍ਰਸ਼ਾਦਿ) ਵਰਤੇ। ਭਾਈ ਫੱਗੋ ਜੀ ਵੱਲੋਂ ਸਤਿਗੁਰਾਂ ਦੇ ਸਨਮੁਖ ਇਲਾਕੇ ਵਿੱਚੋਂ ਸਿੱਖ-ਸੰਗਤਾਂ ਤੋਂ ਇਕੱਤਰ ਕੀਤੀਆਂ ਭੇਟਾਵਾਂ ਰੱਖੀਆਂ ਗਈਆਂ। ਸ੍ਰੀ ਗੁਰੂ ਤੇਗ ਬਹਾਦਰ ਜੀ ਨੂਰੀ ਮੁਖ ਤੋਂ ਮੁਸਕਰਾਉਂਦੇ ਹੋਏ ਬੋਲੇ, ਭਾਈ ਫੱਗੋ ਮੱਲ! ਬਾਕੀ ਦੀ ਭੇਟ ਵੀ ਲਿਆਵੋ।

ਅਪਰ ਲਯਾਓ ਜੋ ਬਾਕੀ ਰਹਯੋ...<br>
ਸੁਨਿ ਫੱਗੋ ਮਨਿ ਮਹਿ ਬਿਸਮਾਨਯੋ।<br>
ਇਹ ਕਯਾ ਸਤਿਗੁਰ ਬਾਕ ਬਖਾਨਯੋ॥

ਇਕ ਵਾਰੀ ਚਾਚਾ ਫੱਗੋ ਸਿਰ ਤੋਂ ਪੈਰਾਂ ਤਕ ਕੰਬ ਗਿਆ। ਸਤਿਗੁਰਾਂ ਦਾ ਇਹ ਵਾਕ "ਅਪਰ ਲਯਾਓ ਜੋ ਬਾਕੀ ਰਹਯੋ÷ ਭਾਈ ਫੱਗੋ ਦੇ ਅੰਦਰ ਚੱਕਰ ਲਾਉਣ ਲੱਗਾ ਕਿ ਬਾਕੀ ਕਿਹੜੀ ਭੇਟਾ ਰਹਿ ਗਈ? ਉਹ ਫਿਕਰ ਵਿਚ ਹੀ ਸੀ ਕਿ ਉਸ ਨੂੰ ਚੇਤਾ ਆ ਗਿਆ।

'ਹਾਂ, ਸਤਿਗੁਰੂ ਜੀ! ਲਿਆਇਆ।' ਆਖ ਕੇ ਚਾਚਾ ਫੱਗੋ ਜੀ ਦੌੜਿਆ। ਵਿਹੜੇ ਵਿਚ ਖਲੋਤੀ ਬੇਰੀ ਤੋਂ ਪੱਕੇ ਬੇਰਾਂ ਦਾ ਥਾਲ ਭਰ ਲਿਆਇਆ। ਸਤਿਗੁਰੂ ਜੀ ਹੱਸ ਪਏ ਤੇ 'ਭਨਯੋ ਬਚਨ ਤੁਮ ਭਏ ਨਿਹਾਲ।'

ਸਤਿਗੁਰੂ ਜੀ ਦੇ ਹੁਕਮ ਕਰਨ 'ਤੇ ਹੈਰਾਨ ਹੋਈ ਸਾਰੀ ਸੰਗਤ ਨੂੰ ਖਲੋ ਕੇ ਚਾਚਾ ਫੱਗੋ ਜੀ ਆਖਣ ਲੱਗੇ-

'ਪੁਰਾਣੀ ਗੱਲ ਏ। ਜਦੋਂ ਮੈਂ ਕਾਰ-ਭੇਟਾਵਾਂ ਲੈਣ ਇਕ ਪਿੰਡ ਵਿਚ ਇਕ ਸਿੱਖ ਦੇ ਘਰ ਗਿਆ ਤਾਂ ਅੱਗੋਂ ਉਸ ਗੁਰਸਿੱਖ ਦੇ ਘਰ ਕੇਵਲ ਗੁਰਸਿੱਖਣੀ ਹੀ ਸੀ। ਵਿਚਾਰੇ ਦੁਨਿਆਵੀ ਪੱਖੋਂ ਗਰੀਬ ਸਨ। ਉਸ ਬੀਬੀ ਤੋਂ ਬੇਰ ਦੀ ਇਕ ਗਿਟਕ ਪ੍ਰਾਪਤ ਹੋਈ। ਉਹ ਮੈਂ ਆਪਣੇ ਵਿਹੜੇ ਵਿਚ ਸੁੱਟ ਦਿੱਤੀ। ਉਸੇ ਗਿਟਕ ਤੋਂ ਬੇਰੀ ਪੈਦਾ ਹੋਈ ਜਿਸ ਦੇ ਬੇਰ ਸਤਿਗੁਰੂ ਜੀ ਦੇ ਸਨਮੁਖ ਥਾਲ ਵਿਚ ਨੇ।'

ਸਾਰੀਆਂ ਸੰਗਤਾਂ ਦੇ ਮੁੱਖੋਂ ਆਪ-ਮੁਹਾਰੇ ਨਿਕਲਿਆ,

"ਧੰਨ ਗੁਰੂ ਤੇ ਧੰਨ ਗੁਰੂ ਦੇ ਸਿੱਖ!"

ਸਤਿਗੁਰਾਂ ਫਰਮਾਇਆ:

ਹੇ ਫੱਗੋ ਤੂੰ ਗੁਰਮੁਖ ਸਿੱਖਯ। ਸੁਨਹਿ ਕਥਾ ਸਿੱਖ ਤੋਹਿ ਭਵਿੱਖਯ।<br>
ਤਿਨ ਕੋ ਸਿੱਖੀ ਪ੍ਰਾਪਤ ਹੋਇ। ਕਾਮ ਕ੍ਰੋਧ ਹੰਕਾਰ ਨ ਕੋਇ॥

ਉਪਰੰਤ ਸਤਿਗੁਰੂ ਤੇਗ ਬਹਾਦਰ ਜੀ ਗਯਾ ਅਤੇ ਗਯਾ ਬੁੱਧ ਵੱਲ ਕੂਚ ਕਰ ਗਏ। ਸਸਾਰਾਮ ਦੇ ਗੁਰਦੁਆਰਾ ਸਾਹਿਬ ਦੇ ਬਾਹਰਲੇ ਪਾਸੇ ਅੱਜ ਵੀ ਇਹ ਬੇਰੀ ਮੌਜੂਦ ਹੈ। ਇੱਥੇ ਗੁਰੂ ਜੀ ਨੇ ਇਕ ਰਾਤ ਗੁਜ਼ਾਰੀ ਸੀ।

ਗਿਆਨੀ ਧਰਮ ਸਿੰਘ ਭੰਖਰਪੁਰ

# ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ : ਚੜ੍ਹਦੀਕਲਾ ਦਾ ਨਵਾਂ ਉਭਾਰ

ਡਾ. ਸਤਿੰਦਰ ਪਾਲ ਸਿੰਘ

ਆਸ ਤੇ ਭਰੋਸੇ ਦੀ ਭਾਵਨਾ ਗੁਰੂ ਨਾਨਕ ਸਾਹਿਬ ਦੇ ਕਾਲ ਤੋਂ ਹੀ ਸਿੱਖ ਦਾ ਪੰਥ ਰੌਸ਼ਨ ਤੇ ਸਹਿਜ ਕਰਦੀ ਆਈ ਹੈ।ਗੁਰੂ ਅਰਜਨ ਸਾਹਿਬ ਦੀ ਲਾਹੌਰ ਵਿੱਚ ਹੋਈ ਸ਼ਹੀਦੀ ਨੇ ਸਿੱਖੀ ਸਿਧਾਂਤਾਂ ਤੇ ਦ੍ਰਿੜ੍ਹਤਾ ਦੇ ਜਜ਼ਬੇ ਨੂੰ ਠੋਸ ਆਧਾਰ ਪ੍ਰਦਾਨ ਕੀਤਾ ਸੀ ।ਗੁਰੂ ਹਰਿਗੋਬਿਦ ਸਾਹਿਬ ਦੀ ਮੀਰੀ ਤੇ ਪੀਰੀ ਦੀ ਸੋਚ ਨੇ ਸਿੱਖਾਂ ਅੰਦਰ ਧਰਮ ਲਈ ਸੂਰਵੀਰ ਜੋਧਾ ਬਣਨ ਦਾ ਸੰਕਲਪ ਪੈਦਾ ਕੀਤਾ ।ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਹੀਦੀ ਨੇ ਉਸ ਸੰਕਲਪ ਨੂੰ "ਨਾ ਟਰੋ ਅਰਿ ਸੋ ਜਬ ਜਾਇ ਲਰੋ ਨਿਸਚੈ ਕਰ ਅਪਨੀ ਜੀਤ ਕਰੋਂ" ਵਿੱਚ ਬਦਲ ਦਿੱਤਾ ।ਸਿੱਖ ਦੀ ਚੜ੍ਹਦੀਕਲਾ ਦੇ ਇਸ ਉਭਾਰ ਨੇ ਅਨਿਆਂ, ਜਬਰ ਦੇ ਵਿਰੁੱਧ ਸਿੱਖ ਦੀ ਖਾਲਸ ਸ਼ਕਤੀ ਨੂੰ ਸਦਾ ਲਈ ਅਜਿੱਤ ਬਣਾ ਦਿੱਤਾ ।ਚੜ੍ਹਦੀਕਲਾ ਦੀ ਭਾਵਨਾ ਸਿੱਖ ਦਾ ਉਹ ਬਲ ਬਣ ਗਈ ਜਿਸ ਦੇ ਮੁਕਾਬਿਲ ਕੁੱਝ ਹੋ ਹੀ ਨਹੀਂ ਸਕਦਾ ।

ਮਨੁੱਖ ਆਪਣੇ ਅੰਦਰ ਬਲ ਪ੍ਰਗਟ ਕਰ ਲਵੇ ਤਾਂ ਉਸ ਲਈ ਕੁੱਝ ਵੀ ਨਾਮੁਮਕਿਨ ਨਹੀਂ ਹੈ।ਮਨੁੱਖ ਸਾਰਾ ਸਮਾਂ ਬਲ ਸੰਚਿਤ ਕਰਦਾ ਹੈ ਫਿਰ ਵੀ ਵਿਪਦਾ ਆਉਣ ਤੇ ਬੇਬਸ ਨਜਰ ਆਉਂਦਾ ਹੈ।ਕਿਉਂਕਿ ਜਿਸ ਬਲ ਤੇ ਉਸ ਦਾ ਭਰੋਸਾ ਹੁੰਦਾ ਹੈ ਉਹ ਕੰਮ ਨਹੀਂ ਆਉਂਦਾ। ਸੱਕੇ ਸਬੰਧੀ , ਮਿੱਤਰ ਵੀ ਨੱਸ ਖੜੇ ਹੁੰਦੇ ਹਨ।ਧਨ ਦੌਲਤ ਵੀ ਸਹਾਇਕ ਨਹੀਂ ਹੁੰਦੀ।ਜਿਸ ਨੂੰ ਮਨੁੱਖ ਆਪਣਾ ਸਮਝ ਰਿਹਾ ਹੈ ਉਹ ਤਾਂ ਆਪਣੇ ਹਿੱਤ ਲਈ ਉਸ ਨਾਲ ਜੁੜ ਕੇ ਖੜਾ ਹੈ ।ਹਿੱਤ ਨਾਂ ਪੂਰਾ ਹੁੰਦਾ ਦੇਖ ਸਾਰੇ ਆਪਣਾ ਸਬੰਧ ਤੋੜਨ 'ਚ ਖਿਨ ਮਾਤਰ ਵੀ ਵਿਲੰਬ ਨਹੀਂ ਕਰਦੇ। ਇਹ ਮਨੁੱਖੀ ਵਿਵਹਾਰ ਸਭਿਅਤਾ ਦੇ ਵਿਕਾਸ ਕਾਲ ਤੋਂ ਹੀ ਚੱਲਿਆ ਆ ਰਿਹਾ ਹੈ।ਔਰੰਗਜੇਬ ਨੂੰ ਦਿੱਲੀ ਦਾ ਤਖ਼ਤ ਚਾਹੀਦਾ ਸੀ, ਉਸ ਨੇ ਆਪਣੇ ਪਿਤਾ ਨੂੰ ਹੀ ਕੈਦ ਕਰ ਲਿਆ। ਆਪਣੇ ਭਰਾ ਦੀ ਜਾਨ ਦਾ ਦੁਸ਼ਮਨ ਬਣ ਬੈਠਾ। ਔਰੰਗਜੇਬ ਨੇ ਤਾਕਤਵਰ ਫੌਜ ਬਣਾ ਲਈ।ਵੱਡਾ ਰਾਜ ਕਾਇਮ ਕੀਤਾ।ਠੀਕ ਇਸੇ ਕਾਲ ਵਿੱਚ ਆਨੰਦਪੁਰ ਸਾਹਿਬ ਵਿੱਚ ਗੁਰੂ ਤੇਗ ਬਹਾਦਰ ਜੀ ਦੇ ਰੂਪ ਵਿੱਚ ਇੱਕ ਅਦੁੱਤੀ ਰੂਹਾਨੀ ਤਾਕਤ ਦਾ ਉਦੈ ਹੋਇਆ।ਗੁਰੂ ਤੇਗ ਬਹਾਦਰ ਸਾਹਿਬ ਕੋਲ ਕੋਈ ਰਾਜ ਨਹੀਂ ਸੀ , ਫੌਜ ਨਹੀਂ ਸੀ , ਖਜਾਨਾ ਨਹੀਂ ਸੀ ਪਰ ਨਿਰੋਲ ਆਤਮਕ ਬਲ ਸੀ ਜਿਸ ਅੱਗੇ ਔਰੰਗਜੇਬ ਜਿਹੇ ਤਾਕਤਵਰ ਬਾਦਸ਼ਾਹ ਨੂੰ ਸ਼ਰਮਿੰਦਗੀ ਭਰੀ ਹਾਰ ਦਾ ਸਾਹਮਣਾ ਕਰਨਾ ਪਿਆ।ਗੁਰੂ ਤੇਗ ਬਹਾਦਰ ਜੀ ਸੀਸ ਦੇ ਕੇ ਵੀ ਜਿੱਤ ਗਏ ਕਿਉਂਕਿ ਉਹ ਤਾਂ ਸੀਸ ਦੇਣ ਹੀ ਆਏ ਸਨ।ਔਰੰਗਜੇਬ ਸੀਸ ਲੈ ਕੇ ਵੀ ਹਾਰ ਗਿਆ ਕਿਉਂਕਿ ਉਹ ਗੁਰੂ ਤੇਗ ਬਹਾਦਰ ਸਾਹਿਬ ਦੀ ਸਿਧਾਂਤਕ ਰਾਹ ਨੂੰ ਬਦਲਣ ਵਿੱਚ ਹਰ ਕੋਸ਼ਿਸ਼ ਦੇ ਬਾਵਜੂਦ ਨਾਕਾਮਿਆਬ ਰਿਹਾ। ਰਾਜਾ ਲੋਕਾਂ ਤੇ ਆਪਣੇ ਭੈ ਦੇ ਕਾਰਨ ਹੀ ਰਾਜਾ ਹੁੰਦਾ ਹੈ।ਰਾਜਾ ਦਾ ਭੈ ਹੀ ਨਾ ਰਹੇ ਤਾਂ ਰਾਜ ਦੀ ਕੋਈ ਕੀਮਤ ਨਹੀਂ ਰਹਿੰਦੀ।ਗੁਰੂ ਤੇਗ ਬਹਾਦਰ ਜੀ ਨੇ ਆਪਣੀ ਸ਼ਹੀਦੀ ਦੇ ਕੇ ਉਸ ਔਰੰਗਜੇਬ ਦਾ ਭੈ ਮਿਟਾ ਦਿੱਤਾ ਜਿਸ ਤੋਂ ਪੂਰਾ ਹਿੰਦੁਸਤਾਨ ਕੰਬ ਰਿਹਾ ਸੀ। ਕਸ਼ਮੀਰ ਦੇ ਬ੍ਰਹਮਣ ਤ੍ਰਾਹਿ ਤ੍ਰਾਹਿ ਕਰ ਰਹੇ ਸਨ।ਰਾਜ ਕਦੇ ਟਿਕੇ ਨਹੀਂ ਰਹਿੰਦੇ, ਰਾਜਾ, ਮਹਾਰਾਜਾ ਵੀ ਆਮ ਇਨਸਾਨ ਵਾਂਗੂੰ ਹੀ ਤੁਰਦੇ ਹੋਏ ਪਰ ਆਤਮਕ ਬਲ ਦਾ ਧਾਰਕ ਸਦਾ ਲਈ ਲੋਕਾਈ ਦੇ ਮਾਨ, ਆਦਰ ਦਾ ਵਿਸ਼ਾ ਬਣ ਜਾਂਦਾ ਹੈ "ਨਾਮੁ ਰਹਿਓ ਸਾਧੂ ਰਹਿਓ ਰਹਿਓ ਗੁਰੁ ਗੋਬਿੰਦੁ" ਉਹ ਲੋਕਾਂ ਦੇ ਮਨ ਵਿੱਚ ਸਦਾ ਜੀਵਤ ਰਹਿੰਦਾ ਹੈ।ਅੱਜ ਗੁਰੂ ਤੇਗ ਬਹਾਦਰ ਜੀ ਦੇ ਜੀਵਨ ਦੀ ਇੱਕ ਇੱਕ ਘਟਨਾ ਨੂੰ ਪੁਰਬ ਦੀ ਤਰਹ ਮਨਾਉਣ ਵਾਲੇ ਦੁਨੀਆ ਭਰ ਵਿੱਚ ਮੌਜੂਦ ਹਨ ਪਰ ਔਰੰਗਜੇਬ ਦਾ ਕੋਈ ਨਾਮ ਲੇਵਾ ਵੀ ਨਹੀਂ ਹੈ। ਇਸ ਤੋਂ ਵੱਡੀ ਹਾਰ ਹੋਰ ਕੀ ਹੋ ਸਕਦੀ ਹੈ ਕਿਸੇ ਸਾਕਤ ਦੀ।ਗੁਰੂ ਤੇਗ ਬਹਾਦਰ ਸਾਹਿਬ ਦੇ ਸ਼ਿਖਰ ਤੇ ਪੁੱਜੇ ਆਤਮਕ ਬਲ ਨੇ ਇਹ ਮੁਮਕਿਨ ਕਰ ਵਿਖਾਇਆ ਕਿ ਧਰਮ ਦੇ ਮਾਰਗ ਤੇ ਚੱਲ ਕੇ ਬਿਖਮ ਤੋਂ ਬਿਖਮ ਸੰਕਟ ਵਿੱਚ ਵੀ ਰਾਹ ਕੱਢੀ ਜਾ ਸਕਦੀ ਹੈ।ਕਸ਼ਮੀਰ ਦੇ ਬ੍ਰਹਮਣ ਹਰ ਤਰਫ ਤੋਂ ਨਿਰਾਸ਼ ਹੋ ਕੇ ਹੀ ਗੁਰੂ ਤੇਗ ਬਹਾਦਰ ਜੀ ਦੀ ਸ਼ਰਣ ਵਿੱਚ ਆਏ ਸਨ।ਗੁਰੂ ਤੇਗ ਬਹਾਦਰ ਜੀ ਕੋਲ ਸ਼ਰਣ ਵਿੱਚ ਆਏ ਦੀਨ, ਦੁਖੀ ਬ੍ਰਾਹਮਣਾਂ ਨੂੰ ਵਿਪਦਾ ਤੋਂ ਬਚਾਉਣ ਦਾ ਉਪਾਇ ਸੀ, ਉਪਾਇ ਨਿਕਲਿਆ ਵੀ ਕਿਉਂਕਿ ਗੁਰੂ ਸਾਹਿਬ ਕੋਲ ਸੱਚਾ ਬਲ ਸੀ ਜੋ ਕਿਸੇ ਵੀ ਬੰਧਨ ਨੂੰ ਤੋੜ ਸਕਦਾ ਸੀ।

ਇੱਕ ਸੱਚਾ ਬਲਵਾਨ ਆਪਣੇ ਬਲ ਬਾਰੇ ਜਾਣਦਾ ਹੈ , ਨਾਲ ਹੀ ਉਸ ਨੂੰ ਦੂਜੇ ਦੇ ਬਲ ਦੀ ਪਛਾਣ ਵੀ ਹੁੰਦੀ ਹੈ। ਗੁਰੂ ਹਰਿਗੋਬਿੰਦ ਜੀ ਨੇ ਜਦੋਂ ਕੀਰਤਪੁਰ ਵਿਚ ਗੁਰੂ ਹਰਿਰਾਇ ਜੀ ਨੂੰ ਗੁਰਤਾ ਗੱਦੀ ਸੌਂਪੀ , ਗੁਰੂ ਤੇਗ ਬਹਾਦਰ ਜੀ ਨੂੰ ਬਕਾਲੇ ਚਲੇ ਜਾਣ ਦਾ ਹੁਕਮ ਦਿੱਤਾ। ਉਸ ਸਮੇਂ ਮਾਤਾ ਨਾਨਕੀ ਜੀ ਨੂੰ ਗੁਰੂ ਤੇਗ ਬਹਾਦਰ ਜੀ ਬਾਰੇ ਵਚਨ ਕੀਤੇ ਸਨ "ਤੁਮ ਸੁਤ ਨੰਦਨ ਅਮਿਤ ਬਲ ਸਭ ਜਗ ਕਰੈ ਸਹਾਇ"।ਗੁਰੂ ਹਰਿਗੋਬਿੰਦ ਸਾਹਿਬ ਆਪਣੇ ਸਪੁੱਤਰ ਗੁਰੂ ਤੇਗ ਬਹਾਦਰ ਜੀ ਦੀ ਸਮਰੱਥਾ ਬਾਰੇ ਭਲੀ ਪ੍ਰਕਾਰ ਜਾਣਦੇ ਸਨ।ਉਨ੍ਹਾਂ ਆਪਣੇ ਜੀਵਨ ਕਾਲ ਵਿੱਚ ਹੀ ਭਵਿੱਖ ਵੇਖ ਲਿਆ ਸੀ ਕਿ ਗੁਰੂ ਤੇਗ ਬਹਾਦਰ ਜੀ ਦਾ ਬਲ ਪੂਰੇ ਸੰਸਾਰ ਲਈ ਸਹਾਇਕ ਸਿੱਧ ਹੋਵੇਗਾ। ਇਹ ਸੱਚ ਸਾਬਿਤ ਹੋਇਆ। ਸੰਸਾਰ ਵਿੱਚ ਜਦੋਂ ਵੀ ਮਨੁੱਖੀ ਹਿੱਤਾਂ ਦੀ ਰਾਖੀ ਦੀ ਗੱਲ ਚੱਲਦੀ ਹੈ ਪਹਿਲੀ ਪ੍ਰੇਰਣਾ ਗੁਰੂ ਤੇਗ ਬਹਾਦਰ ਜੀ ਦੇ ਜੀਵਨ ਤੋਂ ਪ੍ਰਾਪਤ ਹੁੰਦੀ ਹੈ।ਪੰਡਿਰ ਕਿਰਪਾ ਰਾਮ ਦੀ ਅਗੁਆਈ ਵਿੱਚ ਤਕਰੀਬਨ ਪੰਜ ਸੌ ਬ੍ਰਾਹਮਣਾਂ ਦਾ ਦਲ ਗੁਰੂ ਤੇਗ ਬਹਾਦਰ ਜੀ ਦੇ ਦਰਬਾਰ ਵਿੱਚ ਆਇਆ ਤੇ ਆਪਣੀ ਦੁੱਖਾਂ ਭਰੀ ਬਿਰਥਾ ਸੁਣਾਈ ਕਿ ਕਿਵੇਂ ਉਨ੍ਹਾਂ ਤੇ ਇਸਲਾਮ ਸਵੀਕਾਰ ਕਰਨ ਲਈ ਜ਼ੁਲਮ ਕੀਤੇ ਜਾ ਰਹੇ ਹਨ।ਗੁਰੂ ਤੇਗ ਬਹਾਦਰ ਜੀ ਉਨ੍ਹਾਂ ਦੇ ਹਿੱਤਾਂ ਲਈ ਖੜੇ ਹੋਣ ਨੂੰ ਤਿਆਰ ਹੋ ਗਏ।ਡਾ. ਤਿਰਲੋਚਨ ਸਿੰਘ ਨੇ ਆਪਣੀ ਕਿਤਾਬ ਵਿੱਚ ਹਵਾਲਾ ਦਿੱਤਾ ਹੈ ਕਿ ਬ੍ਰਾਹਮਣਾਂ ਨੇ ਲਾਹੌਰ ਦੇ ਗਵਰਨਰ ਦੇ ਜਰੀਏ ਇੱਕ ਫਰਿਆਦ ਪੱਤਰ ਔਰੰਗਜੇਬ ਨੂੰ ਭੇਜਿਆ ਕਿ ਗੁਰੂ ਤੇਗ ਬਹਾਦਰ ਜੀ ਉਸ ਕੋਲ ਇਸ ਮਸਲੇ ਤੇ ਚਰਚਾ ਲਈ ਆਉਣ ਨੂੰ ਤਿਆਰ ਹਨ।ਜੇ ਬਾਦਸ਼ਾਹ ਗੁਰੂ ਸਾਹਿਬ ਨੂੰ ਇਸਲਾਮ ਸਵੀਕਾਰ ਕਰਨ ਲਈ ਸਹਿਮਤ ਕਰ ਲੈਂਦਾ ਹੈ ਤਾਂ ਹਿੰਦੁਸਤਾਨ ਦੇ ਸਾਰੇ ਹਿੰਦੂ ਇਸਲਾਮ ਧਰਮ ਸਵੀਕਾਰ ਕਰ ਲੈਣਗੇ।ਜੇ ਗੁਰੂ ਸਾਹਿਬ ਨੂੰ ਸਹਿਮਤ ਕਰਨ 'ਚ ਕਾਮਿਆਬ ਨਹੀਂ ਹੁੰਦਾ ਤਾਂ ਸਾਡੇ ਤੇ ਹੋ ਰਿਹਾ ਜ਼ੁਲਮ , ਜਬਰ ਰੋਕਣਾ ਪਵੇਗਾ ਅਤੇ ਸਾਨੂੰ ਧਾਰਮਿਕ ਆਜ਼ਾਦੀ ਦੇਣੀ ਪਵੇਗੀ। ਇਸ ਤਰਹ ਵੱਡੀ ਜੰਗ ਦਾ ਮੈਦਾਨ ਸਜਾ ਦਿੱਤਾ ਗਿਆ ਜਿਸ ਦੇ ਇੱਕ ਪਾਸੇ ਔਰੰਗਜੇਬ ਦੀ ਪੂਰੀ ਤਾਕਤ ਤੇ ਦੂਜੇ ਪਾਸੇ ਇਕੱਲੇ ਗੁਰੂ ਤੇਗ ਬਹਾਦਰ ਜੀ ਸਨ।ਜੰਗ ਵੀ ਔਰੰਗਜੇਬ ਦੀ ਸੀ , ਜੰਗ ਦਾ ਮੈਦਾਨ ਵੀ ਔਰੰਗਜੇਬ ਦਾ ਸੀ ਪਰ ਜੰਗ ਗੁਰੂ ਤੇਗ ਬਹਾਦਰ ਜੀ ਨੇ ਆਪਣੀਆਂ ਸ਼ਰਤਾਂ ਤੇ ਲੜੀ ਅਤੇ ਜਿੱਤੀ ਵੀ ਗੁਰੂ ਤੇਗ ਬਹਾਦਰ ਜੀ ਜਾਣਦੇ ਸਨ ਕਿ ਭਵਿੱਖ ਵਿੱਚ ਕੀ ਹੋਣ ਵਾਲਾ ਹੈ , ਇਸ ਕਾਰਨ ਔਰੰਗਜੇਬ ਦੇ ਪ੍ਰਤੀਕਰਮ ਦੀ ਉਡੀਕ ਕੀਤੇ ਬਿਨਾ ਹੀ ਦਿੱਲੀ ਵੱਲ ਯਾਤਰਾ ਆਰੰਭ ਕਰ ਦਿੱਤੀ। ਆਨੰਦਪੁਰ ਸਾਹਿਬ ਵਿੱਚ ਸਾਰੇ ਪ੍ਰਬੰਧ ਕਰਨ ਤੋਂ ਬਾਅਦ ਹੀ ਗੁਰੂ ਸਾਹਿਬ ਨੇ ਚਾਲੇ ਪਾਏ ਸਨ।ਇਸ ਤੋਂ ਅਹਿਸਾਸ ਹੁੰਦਾ ਹੈ ਕਿ ਆਪਣੀ ਸ਼ਹੀਦੀ ਦੀ ਕਥਾ ਗੁਰੂ ਸਾਹਿਬ ਨੇ ਬੜੇ ਇਤਮਿਨਾਨ ਨਾਲ ਸੋਚ ਵਿਚਾਰ ਕੇ ਆਪ ਲਿਖੀ ਸੀ। ਗੁਰੂ ਤੇਗ ਬਹਾਦਰ ਸਾਹਿਬ ਰਾਹ ਵਿੱਚ ਸੰਗਤਾਂ ਨੂੰ ਦਰਸ਼ਨ , ਉਪਦੇਸ਼ ਦਿੰਦੇ ਚੱਲੇ। ਜਦੋਂ ਗਿਆਤ ਹੋਇਆ ਕਿ ਔਰੰਗਜੇਬ ਆਗਰਾ ਆਇਆ ਹੋਇਆ ਹੈ ਤਾਂ ਗੁਰੂ ਸਾਹਿਬ ਆਗਰੇ ਵੱਲ ਤੁਰ ਪਏ। ਆਗਰੇ ਪੁੱਜੇ ਤਾਂ ਪਤਾ ਲੱਗਾ ਕਿ ਔਰੰਗਜੇਬ ਦਿੱਲੀ ਚਲਾ ਗਿਆ ਹੈ।ਔਰੰਗਜੇਬ ਦੇ ਹੁਕਮ ਅਨੁਸਾਰ ਗੁਰੂ ਤੇਗ ਬਹਾਦਰ ਜੀ ਨੂੰ ਗਿਰਫ਼ਤਾਰ ਕਰ ਕੇ ਆਗਰੇ ਤੋਂ ਦਿੱਲੀ ਲਿਆਂਦਾ ਗਿਆ। ਦਿੱਲੀ ਵਿੱਚ ਪਹਿਲਾਂ ਆਦਰ ਪੂਰਨ ਵਿਵਹਾਰ ਕੀਤਾ ਗਿਆ। ਔਰੰਗਜੇਬ ਨਾਲ ਗੁਰੂ ਸਾਹਿਬ ਦਾ ਸੰਵਾਦ ਹੋਇਆ। ਲੋਭ ਦਿੱਤੇ ਗਏ ਡਰਾਉਣ ਦਾ ਜਤਨ ਕੀਤਾ ਗਿਆ ਕਿ ਗੁਰੂ ਸਾਹਿਬ ਇਸਲਾਮ ਸਵੀਕਾਰ ਕਰ ਲੈਣ ।ਪਰ ਗੁਰੂ ਸਾਹਿਬ ਅਡੋਲ ਰਹੇ। ਖਿੱਝ ਕੇ ਗੁਰੂ ਤੇਗ ਬਹਾਦਰ ਜੀ ਅਤੇ ਸਿੱਖਾਂ ਨੂੰ ਚਾਂਦਨੀ ਚੌਕ ਦੀ ਕੋਤਵਾਲੀ ਵਿੱਚ ਕੈਦ ਕਰ ਦਿੱਤਾ ਗਿਆ। ਔਰੰਗਜੇਬ ਨੇ ਸ਼ਹੀਦੀ ਦੇ ਹੁਕਮ ਦੇ ਦਿੱਤੇ। ਭਾਈ ਮਤੀ ਦਾਸ, ਭਾਈ ਸਤੀ ਦਾਸ , ਭਾਈ ਦਿਆਲ ਦਾਸ ਤੋਂ ਬਾਅਦ ਗੁਰੂ ਤੇਗ ਬਹਾਦਰ ਜੀ ਨੂੰ ਸ਼ਹੀਦ ਕੀਤਾ ਗਿਆ। ਜਿਸ ਦਾ ਵੱਖ ਘਟਨਾ ਕ੍ਰਮ ਹੈ।ਧਿਆਨ ਦੇਣ ਜੋਗ ਗੱਲ ਇਹ ਹੈ ਕਿ ਸਿੱਖਾਂ ਨੇ ਵੀ ਔਰੰਗਜੇਬ ਦਾ ਕੋਈ ਖੌਫ ਨਹੀਂ ਖਾਧਾ।ਗੁਰੂ ਸਾਹਿਬ ਨੂੰ ਜਦੋਂ ਚਾਂਦਨੀ ਚੌਕ ਕੋਤਵਾਲੀ ਵਿੱਚ ਰੱਖਿਆ ਗਿਆ ਸੀ ਤੇ ਦਬਾਵ ਪਾਏ ਜਾ ਰਹੇ ਸਨ ਤਾਂ ਸਿੱਖਾਂ ਨੇ ਡਰ ਜਾਣ ਦੀ ਥਾਂ ਹਿੰਮਤ ਵਿਖਾਈ ਤੇ ਕਈ ਤਜਵੀਜ਼ਾਂ ਗੁਰੂ ਸਾਹਿਬ ਨੂੰ ਕੈਦ ਤੋਂ ਬਾਹਰ ਲਿਆਉਣ ਦੀਆਂ ਕੀਤੀਆਂ।ਜਿਸ ਦਾ ਗੁਰੂ ਨਿਡਰ ਹੋਵੇ ਉਹ ਭਲਾ ਕਿਵੇਂ ਕਾਇਰ ਹੋ ਸਕਦਾ ਹੈ।ਜਿਸ ਤਰਹ ਦੇ ਇਤਿਹਾਸਕ ਹਵਾਲੇ ਉਪਲਬੱਧ ਹਨ , ਸਿੱਖ ਬੇਖੌਫ ਨਜਰ ਆਏ ਪਰ ਸਿਆਣਪ ਨਾਲ ਸਥਿਤੀਆਂ ਦਾ ਸਾਹਮਣਾ ਕੀਤਾ।ਭਾਈ ਜੈਤਾ ਜੀ , ਜਿਨ੍ਹਾਂ ਨੇ ਗੁਰੂ ਸਾਹਿਬ ਦਾ ਪਾਵਨ ਸੀਸ ਆਨੰਦਪੁਰ ਸਾਹਿਬ ਗੁਰੂ ਗੋਬਿੰਦ ਸਿੰਘ ਜੀ ਤੱਕ ਪੁਜਾਇਆ ਸੀ , ਦਿੱਲੀ ਦੇ ਹੀ ਰਹਿਣ ਵਾਲੇ ਸਨ। ਪ੍ਰਿੰਸਿਪਲ ਸਤਬੀਰ ਸਿੰਘ ਨੇ ਲਿਖਿਆ ਹੈ ਕਿ ਭਾਈ ਜੈਤਾ ਜੀ ਦੇ ਘਰ ਦੇ ਨਿਕਟ ਹੀ ਭਾਈ ਨਨੂਆ ਜੀ ਦਾ ਘਰ ਸੀ ਜਿੱਥੇ ਗੁਰੂ ਤੇਗ ਬਹਾਦਰ ਜੀ ਦੇ ਅਨਿੰਨ ਸਿੱਖ ਭਾਈ ਊਦਾ ਜੀ ਤੇ ਭਾਈ ਗੁਰਦਿੱਤਾ ਜੀ ਟਿਕੇ ਹੋਏ ਸਨ।ਭਾਈ ਜੈਤਾ ਜੀ ਤੇ ਭਾਈ ਲੱਖੀ ਸ਼ਾਹ ਨੇ ਪਹਿਲਾਂ ਹੀ ਤਿਆਰੀ ਕਰ ਲਈ ਸੀ ਕਿ ਸ਼ਹੀਦੀ ਤੋਂ ਬਾਅਦ ਗੁਰੂ ਤੇਗ ਬਹਾਦਰ ਸਾਹਿਬ ਦੀ ਦੇਹ ਦੀ ਸੰਭਾਲ ਕਿਵੇਂ ਕਰਨੀਹੈ । ਇਹ ਤਿਆਰਿਆਂ ਸਿੱਖ ਚੇਤਨਾ ਤੇ ਸਿਦਕ ਦਾ ਪ੍ਰਤੀਕ ਸਨ ਜੋ ਔਰੰਗਜੇਬ ਦੇ ਰਾਜ ਦੇ ਕਾਲੇ ਦੌਰ ਵਿੱਚ ਵੀ ਪੂਰਨ ਜੀਵੰਤ ਸੀ।ਗੁਰੂ ਸਾਹਿਬ ਦਾ ਸੀਸ ਪ੍ਰਾਪਤ ਕਰਨ ਲਈ ਸਲਾਹ ਬਣੀ ਕਿ ਮੁਗਲਾਂ ਨੂੰ ਭੁਲੇਖਾ ਪਾਇਆ ਜਾਵੇ।ਇੱਕ ਸੀਸ ਰੱਖ ਕੇ ਗੁਰੂ ਸਾਹਿਬ ਦਾ ਸੀਸ ਚੁੱਕ ਲਿਆ ਜਾਵੇ। ਜਦੋਂ ਤੱਕ ਮੁਗਲਾਮ ਨੂੰ ਹਕੀਕਤ ਦਾ ਪਤਾ ਲੱਗੇਗਾ , ਭਾਈ ਜੈਤਾ ਜੀ ਸੀਸ ਲੈ ਕੇ ਦੂਰ ਤੱਕ ਜਾ ਚੁਕੇ ਹੋਣਗੇ। ਇਸ ਲਈ ਭਾਈ ਜੈਤਾ ਜੀ ਦੇ ਪਿਤਾ ਭਾਈ ਆਗਿਆ ਰਾਮ ਨੇ ਆਪਣਾ ਸੀਸ ਦੇਣ ਦੀ ਤਜਵੀਜ ਕੀਤੀ।ਇਹ ਵੀ ਗੁਰੂ ਨੂੰ ਸਮਰਪਿਤ ਇੱਕ ਮਹਾਨ ਬਲੀਦਾਨ ਸੀ। ਇਵੇਂ ਹੀ ਹੋਇਆ।ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਤੋਂ ਬਾਅਦ ਅਚਨ ਚੇਤ ਭਾਰੀ ਝੱਖੜ ਝੁੱਲ ਪਿਆ। ਇਸ ਦਾ ਲਾਭ ਉਠਾ ਕੇ ਭਾਈ ਜੈਤਾ ਜੀ ਨੇ ਆਪਣੀ ਹੀ ਪਿਤਾ ਦਾ ਸੀਸ ਕੱਟ ਕੇ ਚਾਂਦਨੀ ਚੌਕ ਵਿੱਚ ਸੁੱਟ ਦਿੱਤਾ ਤੇ ਗੁਰੂ ਸਾਹਿਬ ਦਾ ਸੀਸ ਚੁੱਕ ਕੇ ਆਪਣੀ ਸਾਥੀਆਂ ਭਾਈ ਨਨੂਆ ਜੀ ਤੇ ਭਾਈ ਅੱਡਾ ਜੀ ਨਾਲ ਅਨੰਦਪੁਰ ਸਾਹਿਬ ਵੱਲ ਤੁਰ ਪਏ ।ਭਾਈ ਜੈਤਾ ਜੀ ਦੇ ਪੰਜਵੇਂ ਦਿਨ ਕੀਰਤਪੁਰ ਪੁੱਜਣ ਤੇ ਜਦੋਂ ਗੁਰੂ ਗੋਬਿੰਦ ਸਿੰਘ ਜੀ ਨੂੰ ਸਮਾਚਾਰ ਪ੍ਰਾਪਤ ਹੋਇਆ ਤਾਂ ਗੁਰੂ ਸਾਹਿਬ ਆਏ ਤੇ ਭਾਈ ਜੈਤਾ ਜੀ ਨੂੰ ਗਲੇ ਲਾ ਕੇ ਕਿਹਾ ਸੀ "ਰੰਗਰੇਟੇ ਗੁਰੂ ਕੇ ਬੇਟੇ" ।ਗੁਰੂ ਤੇਗ ਬਹਾਦਰ ਜੀ ਦਾ ਸੀਸ ਅੰਤਮ ਸੰਸਕਾਰ ਲਈ ਆਨੰਦਪੁਰ ਸਾਹਿਬ ਲਿਆਂਦਾ ਗਿਆ।ਬੇਅੰਤ ਸੰਗਤਾਂ ਨਾਲ ਸ਼ਬਦ ਕੀਰਤਨ ਕਰਦਿਆਂ ਚੱਲ ਰਹਿਆਂ ਸਨ। ਨੌ ਸਾਲ ਦੇ ਗੁਰੂ ਗੋਬਿੰਦ ਸਿੰਘ ਜੀ ਪੂਰਨ ਸਹਿਜ ਸਨ। ਮਾਤਾ ਗੁਜਰੀ ਜੀ ਪੂਰਨ ਅਡੋਲ ਸਨ ਜਿਨ੍ਹਾਂ ਗੁਰੂ ਤੇਗ ਬਹਾਦਰ ਜੀ ਦੇ ਸੀਸ ਦਾ ਦਰਸ਼ਨ ਕਰਨ ਤੋਂ ਬਾਅਦ ਵਚਨ ਕੀਤਾ ਕਿ ਤੁਹਾਡੀ ਤਾਂ ਨਿਭ ਗਈ ਮੇਰੀ ਵੀ ਨਿਭ ਆਵੇ" । ਮਾਤਾ ਗੁਜਰੀ ਜੀ ਦੇ ਇਹ ਵਚਨ ਪੂਰੀ ਸਿੱਖ ਕੌਮ ਦੇ ਵਚਨ ਸਨ। ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਦੇ ਪੂਰੀ ਸਿੱਖ ਕੌਮ ਨੂੰ ਮਾਣ ਨਾਲ ਭਰ ਦਿੱਤਾ ਤੇ ਉਨ੍ਹਾਂ ਦੀ ਰਾਹ 'ਤੇ ਹੀ ਚੱਲ ਕੇ ਧਰਮ ਲਈ ਕੁਰਬਾਨੀਆਂ ਦੇਣ ਦਾ ਅਤੁੱਟ ਜਜਬਾ ਪੈਦਾ ਕੀਤਾ।

ਉੱਧਰ ਭਾਈ ਲੱਖੀ ਸ਼ਾਹ ਨੇ ਸ਼ਾਹੀ ਠੇਕੇਦਾਰ ਹੋਣ ਦਾ ਲਾਭ ਉਠਾਇਆ ਤੇ ਆਪਣੇ ਗੱਡੇ ਲੈ ਕੇ ਚਾਂਦਨੀ ਚੌਕ ਪੁੱਜ ਗਏ।ਭਾਰੀ ਤੂਫ਼ਾਨ ਕਾਰਨ ਗੁਰੂ ਸਾਹਿਬ ਦੇ ਧੜ ਦੀ ਰਾਖੀ ਕਰ ਰਹੇ ਮੁਗਲ ਸਿਪਾਹੀ ਪਿੱਛੇ ਹੱਟ ਗਏ ਸਨ।ਭਾਈ ਗੁਰਦਿੱਤਾ ਜੀ ਨੇ ਭਾਈ ਲੱਖੀ ਸ਼ਾਹ ਤੇ ਉਸ ਦੇ ਪੁੱਤਰਾਂ ਦੇ ਸਹਿਯੋਗ ਨਾਲ ਗੁਰੂ ਤੇਗ ਬਹਾਦਰ ਜੀ ਦਾ ਧੜ ਚੁੱਕ ਕੇ ਰੂੰ ਦੇ ਗੱਡੇ ਵਿਚ ਲਿਟਾ ਦਿੱਤਾ।ਉੱਪਰ ਵੀ ਰੂੰ ਨਾਲ ਢੱਕ ਕੇ ਰਕਾਬਗੰਜ ਵੱਲ ਫੁਰਤੀ ਨਾਲ ਤੁਰ ਪਏ।ਕਈ ਗੱਡੇ ਇੱਕ ਨਾਲ ਚੱਲ ਰਹੇ ਸਨ।ਰਕਾਬਗੰਜ ਪੁੱਜਦੀਆਂ ਅੱਧੀ ਰਾਤ ਹੋ ਗਈ।ਭਾਈ ਲੱਖੀ ਸ਼ਾਹ ਨੇ ਆਪਣੇ ਘਰ ਦੇ ਅੰਦਰ ਹੀ ਘਰ ਦਾ ਸਮਾਨ ਰੱਖ ਕੇ ਚਿਤਾ ਬਣਾ ਦਿੱਤੀ ਤੇ ਗੁਰੂ ਤੇਗ ਬਹਾਦਰ ਜੀ ਦੇ ਧੜ ਦਾ ਸੰਸਕਾਰ ਕਰ ਦਿੱਤਾ।ਉਸ ਨੇ ਅਸਥੀਆਂ ਇੱਕ ਗਾਗਰ ਵਿੱਚ ਰੱਖ ਕੇ ਘਰ ਦੇ ਅੰਦਰ ਹੀ ਦਬਾ ਦਿੱਤੀਆਂ।ਇਹ ਹਿੰਮਤ ਭਰਿਆ ਕਾਰਜ ਸੀ ਜਿਸ ਵਿੱਚ ਸੂਝਬੂਝ ਸ਼ਾਮਿਲ ਸੀ।ਧਰਮ ਦੀ ਰਾਖੀ ਲਈ ਹਿੰਮਤ ਵੀ ਚਾਹੀਦੀ ਹੈ ਤੇ ਸੂਝਬੂਝ ਵੀ।ਇਹ ਸਾਰਾ ਕੁੱਝ ਔਰੰਗਜੇਬ ਦੀ ਨੱਕ ਦੇ ਹੇਠਾਂ ਹੋਇਆ।

ਔਰੰਗਜੇਬ ਸਮਝਦਾ ਸੀ ਕਿ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਸਿੱਖਾਂ ਦਾ ਮਨੋਬਲ ਤੋੜ ਦੇਵੇਗੀ ਤੇ ਹਿੰਦੂਆਂ ਦਾ ਵਿਰੋਧ ਵੀ ਸ਼ਾਂਤ ਹੋ ਜਾਏਗਾ।ਪਰ ਇਹ ਨਾਂ ਹੋਇਆ।ਗੁਰੂ ਤੇਗ ਬਹਾਦਰ ਜੀ ਤਾਂ ਆਪਣੇ ਜੀਵਨ ਕਾਲ ਵਿੱਚ ਹੀ ਵਚਨ ਕਰ ਗਏ ਸਨ " ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ"। ਗੁਰੂ ਨਾਨਕ ਸਾਹਿਬ ਦਾ ਸਿੱਖ ਤਾਂ ਸਿਰ ਤਲੀ ਤੇ ਰੁੱਖ ਕੇ ਚੱਲਣ ਵਾਲਾ ਸਿੱਖ ਹੈ। ਸਿਰਫ ਪਰਮਾਤਮਾ ਦੇ ਭੈ ਵਿੱਚ ਰਹਿਣ ਕਾਰਨ ਉਸ ਦੇ ਸਾਰੇ ਭੈ ਮਿਟ ਜਾਂਦੇ ਹਨ।ਇਹ ਨਿਡਰਤਾ ਹੀ ਉਸ ਦੇ ਸਿਦਕ ਦਾ ਅਧਾਰ ਬਣਦੀ ਹੈ। ਸਿੱਖ ਦਾ ਸਿਦਕ ਜਦੋਂ ਪ੍ਰਗਟ ਹੁੰਦਾ ਹੈ ਪੂਰਾ ਮਨੁੱਖੀ ਸਮਾਜ ਉਸ ਤੋਂ ਪ੍ਰਭਾਵਿਤ ਹੁੰਦਾ ਹੈ। ਖਿਮਨਦੇ ਹਨ ਕਿ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਤੋਂ ਬਾਅਦ ਚਾਂਦਨੀ ਚੌਕ ਦੇ ਕੋਤਵਾਲ ਅਬਦੁੱਲਾ ਨੇ ਨੌਕਰੀ ਛੱਡ ਦਿੱਤੀ ਸੀ ਤੇ ਆਨੰਦਪੁਰ ਸਾਹਿਬ ਚਲਾ ਗਿਆ ਸੀ।ਜਿਸ ਕਾਜੀ ਨੇ ਫਤਵਾ ਦਿੱਤਾ ਸੀ ਪੰਦ੍ਹ ਦਿਨ ਬਾਅਦ ਹੀ ਉਸ ਦੀ ਮੌਤ ਹੋ ਗਈ। ਦਿੱਲੀ ਦੇ ਅੰਦਰ ਖੁਦ ਔਰੰਗਜੇਬ ਨੂੰ ਸਿੱਖਾਂ ਦੇ ਸਿੱਧੇ ਵਿਰੋਧ ਦਾ ਸਾਹਮਣਾ ਕਰਨਾ ਪਿਆ।ਉਹ ਜਾਮਾ ਮਸਜਿਦ ਵਿੱਚ ਨਮਾਜ ਪੜ੍ਹ ਕੇ ਪਰਤ ਰਿਹਾ ਸੀ ਤਾਂ ਇੱਕ ਸਿੱਖ ਨੇ ਉਸ ਤੇ ਹੰਮਲਾ ਕਰ ਦੋ ਇੱਟਾਂ ਸੁੱਟਿਆਂ।ਇਹ ਘਟਨਾ ਮੁਸਲਿਮ ਦਸਤਾਵੇਜਾਂ ਵਿੱਚ ਦਰਜ ਹੈ। ਘਟਨਾ ਦੀ ਤਿਥੀ ੩੦ ਅਕਤੂਬਰ ੧੬੭੬ ਲਿਖੀ ਗਈ ਹੈ।ਸਿੱਧੇ ਬਾਦਸ਼ਾਹ ਨਾਲ ਟਕਰਾ ਜਾਣਾ ਇੱਕ ਵੱਡੀ ਘਟਨਾ ਸੀ। ਇੱਕ ਦੂਜੀ ਘਟਨਾ ਦਾ ਜਿਕਰ ਹੈ ਕਿ ਜਦੋਂ ਬਾਦਸ਼ਾਹ ਦੀ ਸਵਾਰੀ ਚਾਂਦਨੀ ਚੌਕ ਤੋਂ ਲੰਘ ਰਹੀ ਸੀ ਤਾਂ ਇੱਕ ਨੇ ਦੂਰੋਂ ਸੋਟੀ ਮਾਰ ਸੁੱਟੀ। ਹੋਰ ਘਟਨਾ ਹੈ ਕਿ ਜਦੋਂ ਉਹ ਘੋੜੇ ਤੇ ਸਵਾਰ ਹੋ ਕੇ ਜਾ ਰਿਹਾ ਸੀ ਤਾਂ ਇੱਕ ਸਿੱਖ ਨੇ ਤਲਵਾਰ ਨਾਲ ਵਾਰ ਕੀਤਾ ਸੀ। ਇਸ ਵਾਰ ਨਾਲ ਔਰੰਗਜੇਬ ਦੇ ਸਿਪਾਹਸਾਲਾਰ ਮੁਕੱਰਮ ਖਾਨ ਦੀ ਉਂਗਲੀ ਕੱਟੀ ਗਈ ਸੀ।ਘਟਨਾਵਾਂ ਨਿੱਕਿਆਂ ਨਿੱਕਿਆਂ ਸਨ ਮਜਬੂਤ ਇਰਾਦੇ ਪ੍ਰਗਟ ਕਰਨ ਵਾਲੀਆਂ ਸਨ।ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਨੇ ਸਿੱਖਾਂ ਅੰਦਰ ਤਿਆਗ , ਬਲਿਦਾਨ ਦੀ ਜਬਰਦਸਤ ਭਾਵਨਾ ਪੈਦਾ ਕੀਤੀ।ਇਸ ਭਾਵਨਾ ਨੂੰ ਸੱਚੇ ਬਲ ਵਿੱਚ ਬਦਲਣ ਦਾ ਮਹਾਨ ਕਾਰਜ ਗੁਰੂ ਗੋਬਿੰਦ ਸਿੰਘ ਜੀ ਨੇ ਕੀਤਾ।

ਸਿੱਖਾਂ ਨੂੰ ਆਪਣੇ ਸਿੱਖ ਹੋਣ ਤੇ ਮਾਣ ਮਹਿਸੂਸ ਹੋਵੇ ਅਤੇ ਉਹ ਹਰ ਸਥਿਤੀ ਵਿੱਚ ਗੁਰੂ ਦਾ ਸਿੱਖ ਅਖਵਾਉਣ ਜੋਗ ਸਾਬਿਤ ਹੋਣ ਇਸ ਲਈ ਗੁਰੂ ਗੋਬਿੰਦ ਸਿੰਘ ਜੀ ਨੇ ਬਹੁਪੱਖੀ ਕਦਮ ਚੁੱਕੇ।ਸਿੱਖਾਂ ਨੂੰ ਵਿਦਿਅਕ ਤੌਰ ਤੇ ਸਮਰੱਥ ਬਣਾਇਆ , ਬਾਣੀ ਨਾਲ ਜੋੜਿਆ , ਢਾਢੀ ਦੀਆਂ ਵਾਰਾਂ ਰਾਹੀਂ ਬੁਲਾ ਕੇ ਵੀਰ ਰਸ ਦਾ ਭਾਵ ਭਰਿਆ, ਸ਼ਰੀਰਕ ਕਸਰਤਾਂ ਤੇ ਛਦਮ ਜੁੱਧ ਕਰਾਏ।ਗੁਰੂ ਗੋਬਿੰਦ ਸਿੰਘ ਜੀ ਨੇ ਆਪਣਾ ਦਰਬਾਰ ਸ਼ਾਹੀ ਅੰਦਾਜ ਵਿੱਚ ਸਜਾਇਆ।ਦਰਬਾਰ ਵਿੱਚ ਬੈਠਣ ਲਈ ਉੱਚਾ ਸਿੰਹਾਸਨ ਸੀ।ਜੋਸ਼ ਭਰਨ ਲਈ ਰਣਜੀਤ ਨਗਾਰਾ ਤਿਆਰ ਕਰਾਇਆ।ਆਨੰਦਪੁਰ ਸਾਹਿਬ ਨੂੰ ਕਿਲੇ ਉਸਾਰ ਕੇ ਸੁਰੱਖਿਅਤ ਕੀਤਾ।ਲੰਮੀ ਤਿਆਰੀ ਤੋਂ ਬਾਅਦ ਸੰਨ 1699 ਦੀ ਵਿਸਾਖੀ ਦੇ ਦਿਨ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਸਾਜਿਆ ਸੀ।ਇਹ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਨੂੰ ਸੱਭ ਤੋਂ ਨਿੱਘਾ ਨਮਨ ਸੀ।ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਮਨੁੱਖੀ ਹੱਕਾਂ ਨੂੰ ਸਮਰਪਿਤ ਸੀ।ਖਾਲਸਾ ਦੀ ਸਾਜਨਾ ਉਸ ਮਿਸ਼ਨ ਨੂੰ ਅਗਾਂਹ ਵਧਾਉਣ ਲਈ ਹੋਈ। ਅੱਜ ਵੀ ਖਾਲਸਾ ਸਦਾ ਮਨੁੱਖੀ ਹਿੱਤਾਂ ਲਈ ਖੜਾ ਨਜਰ ਆਉਂਦਾ ਹੈ ਤਾਂ ਇਸ ਦੀ ਪਿਛੋਕੜ ਵਿੱਚ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਦੀ ਪ੍ਰੇਰਨਾ ਜੀਵੰਤ ਹੁੰਦੀ ਹੈ ।ਖਾਲਸਾ ਨੇ ਔਰੰਗਜੇਬ ਦੇ ਉਸ ਜਾਲਮ ਰਾਜ ਨੂੰ ਪੁੱਟ ਸੁੱਟਿਆ ਜਿਸ ਤੋਂ ਹਵਾ ਵੇ ਸਹਿਮ ਕੇ ਚੱਲਦੀ ਸੀ।ਸੱਚ ਦਾ ਬਲ ਥੱਕਦਾ ਨਹੀਂ , ਹਾਰਦਾ ਨਹੀਂ , ਚੁੱਪ ਨਹੀਂ ਬਹਿੰਦਾ , ਸਗੋਂ ਸਮੇਂ ਤੇ ਬੋਲਦਾ ਹੈ , ਖੜਦਾ ਹੈ , ਡੱਟਦਾ ਹੈ ਤੇ ਜਿੱਤਦਾ ਹੈ। ਸੱਚ ਸਦਾ ਜਿੱਤਣ ਲਈ ਹੀ ਹੈ।

**ਡਾ.ਸਤਿੰਦਰ ਪਾਲ ਸਿੰਘ**

## ਗੁਰਦੁਆਰਾ ਗੁਰੂਸਰ ਪੱਕਾ ਸਾਹਿਬ ਪਾਤਸ਼ਾਹੀ ਨੌਵੀਂ, ਹੰਢਿਆਇਆ, ਜ਼ਿਲ੍ਹਾ ਬਰਨਾਲਾ





ਧੰਨ ਗੁਰੂ ਤੇਗ ਬਹਾਦਰ ਮਹਾਰਾਜ ਹੰਡਿਆਏ ਪਿੰਡ ਪਹੁੰਚੇ। ਨਗਰ ਦੇ ਬਾਹਰ ਹੀ ਇਕ ਬੋਹੜ ਥੱਲੇ ਰੁਕ ਗਏ। ਸਤਿਗੁਰਾਂ ਦਾ ਆਗਮਨ ਸੁਣ ਕੇ ਪਿੰਡ ਵਾਲੇ ਵੀ ਆ ਗਏ। ਬੈਠਿਆਂ ਹੋਇਆਂ ਸਤਿਗੁਰਾਂ ਦੀ ਨਜ਼ਰ ਇੱਕ ਬੰਦੇ 'ਤੇ ਪਈ ਜੋ ਜ਼ਮੀਨ 'ਤੇ ਪਿਆ ਤੜਫ ਰਿਹਾ ਸੀ, ਪੁੱਛਿਆ ਇਹ ਕੌਣ ਹੈ ? ਇਸ ਤਰ੍ਹਾਂ ਕਿਉਂ ਤੜਫ ਰਿਹਾ ਹੈ ? ਪਿੰਡ ਵਾਲਿਆਂ ਨੇ ਦੱਸਿਆ, ਮਹਾਰਾਜ! ਇਸ ਨੂੰ ਬਿਮਾਰੀ ਹੈ। ਇਸ ਬਿਮਾਰੀ ਕਰਕੇ ਸਰੀਰ ਕੰਬਦਾ, ਸਿਰ ਦੇ ਵਿੱਚ ਦਰਦ, ਹੱਡੀਆਂ ਦੇ ਵਿੱਚ ਦਰਦ, ਮੂੰਹ ਵੀ ਸੁੱਕਦਾ ਹੈ, ਭੁੱਖ ਵੀ ਨਹੀਂ ਲੱਗਦੀ। ਗਲ ਦੇ ਵਿੱਚ ਫੋੜਾ ਹੋ ਜਾਂਦਾ। ਜਿਸ ਕਰਕੇ ਸਾਹ ਲੈਣ ਵਿੱਚ ਦਿੱਕਤ ਆਉਂਦੀ ਹੈ। ਇਸ ਤਰ੍ਹਾਂ ਤੜਫ਼ ਤੜਫ਼ ਕੇ ਕੁਝ ਦਿਨਾਂ ਬਾਅਦ ਮੌਤ ਹੋ ਜਾਂਦੀ। ਇਹ ਬੀਮਾਰੀ ਪਿੰਡ ਵਿੱਚ ਬਹੁਤਿਆਂ ਨੂੰ ਹੈ, ਕਈ ਮਰ ਚੁੱਕੇ ਹਨ। ਆਪ ਜੀ ਕ੍ਰਿਪਾ ਕਰੋ ਤੇ ਸਾਡਾ ਇਹ ਰੋਗ ਦੂਰ ਹੋ ਜਾਵੇ। ਅਸੀਂ ਬਹੁਤ ਇਲਾਜ ਕਰਵਾਇਆ ਉੱਥੇ ਨੇੜੇ ਹੀ ਇਕ ਛੋਟਾ ਜਿਹਾ ਛੱਪੜ ਸੀ ਜਿੱਥੇ ਚਮੜੇ ਦਾ ਕੰਮ ਕਰਨ ਵਾਲੇ ਚੰਮ ਧੋਂਦੇ ਸੀ, ਕਵੀ ਸੰਤੋਖ ਸਿੰਘ ਜੀ ਲਿਖਦੇ ਹਨ, ਧੰਨ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਉਸ ਛੱਪੜ ਵੱਲ ਰਹਿਮਤਾਂ ਭਰੀ ਨਿਗਹਾ ਦੇ ਨਾਲ ਤੱਕਿਆ ਤੇ ਬਚਨ ਕਹੇ ਜੋ ਇੱਥੇ ਇਸ਼ਨਾਨ ਕਰੇਗਾ ਉਹ ਇਸ ਰੋਗ ਤੋਂ ਮੁਕਤ ਹੋ ਜਾਵੇਗਾ।ਪਹਿਲਾਂ ਤਾਂ ਕੋਈ ਮੰਨਿਆ ਨਾ, ਚਮੜੇ ਵਾਲੇ ਪਾਣੀ ਵਿੱਚ ਕਿਵੇਂ ਇਸ਼ਨਾਨ ਕਰਾਂਗੇ ਪਰ ਜਦੋਂ ਰੋਗ ਦੇ ਨਾਲ ਤੜਫਦੇ ਹੋਏ ਬੰਦੇ ਨੇ ਛੱਪੜ ਵਿਚ ਇਸ਼ਨਾਨ ਕੀਤਾ ਤਾਂ ਉਹ ਬਿਲਕੁਲ ਤੰਦਰੁਸਤ ਹੋ ਗਿਆ।ਫਿਰ ਤਾਂ ਦੇਖਾ ਦੇਖੀ ਸਾਰੇ ਹੀ ਉਸਦੇ ਵਿੱਚ ਇਸ਼ਨਾਨ ਕਰਨ ਲੱਗੇ ਤੇ ਰੋਗ ਮੁਕਤ ਹੋਏ। ਗੁਰਦੇਵ ਨੇ ਨਗਰ-ਵਾਸੀਆਂ ਨੂੰ ਸਮਝਾਉਂਦਿਆਂ ਬਚਨ ਕਹੇ, ਤੁਸੀ ਜਾਤ -ਪਾਤ ਦੇ ਭੇਦ ਕਰਕੇ ਦੂਸਰਿਆਂ ਨੂੰ ਤੰਗ ਕਰਦੇ ਹੋ, ਤਾਂ ਹੀ ਤੁਹਾਨੂੰ ਇਸ ਰੋਗ ਨੇ ਤੰਗ ਕੀਤਾ ਹੈ।ਅੱਗੇ ਤੋਂ ਸਾਰੇ ਮਿਲ ਕੇ ਪਿਆਰ ਦੇ ਨਾਲ ਰਹੋ। ਸੰਗਤ ਕਰੋ ਤਾਂ ਕੋਈ ਰੋਗ ਨਾ ਵਿਆਪੂ। ਕਵੀ ਸੰਤੋਖ ਸਿੰਘ ਕਹਿੰਦੇ, ਮੈਂ ਆਪ ਹੰਡਿਆਇਆ ਪਿੰਡ ਜਾ ਕੇ ਇਸ ਥਾਂ ਦੇ ਦਰਸ਼ਨ ਕੀਤੇ ਹਨ। ਤਲਾਅ ਦੇ ਕੋਲ ਹੀ ਗੁਰੂ ਘਰ ਸੁਸ਼ੋਭਿਤ ਹੈ ।ਇਸ ਸਥਾਨ ਦਾ ਨਾਮ ਹੈ: ਗੁਰਦੁਆਰਾ ਗੁਰੂਸਰ ਪੱਕਾ ਪਾਤਸ਼ਾਹੀ ਨੌਵੀਂ, ਹੰਢਿਆਇਆ।

ਸੋ ਅਬਿ ਲੌ ਹਮ ਦੇਖਨ ਕਰਿਯੋ ਗੁਰਦੁਆਰ ਤਿਸ ਤੀਰ ਨਿਹਰਯੋ
ਮਹਿਮਾ ਸਤਿਗੁਰ ਕੀ ਪ੍ਰਟਾਈ ਪੁਲਿਸ ਹੰਡਿਆਏ ਮਹਿ ਅਬਿ ਤਾਈਂ।(ਸੂਰਜ ਪ੍ਰਕਾਸ਼)

ਇਸ ਅਸਥਾਨ ਦੀ ਸੇਵਾ ਮਹਾਰਾਜਾ ਕਰਮ ਸਿੰਘ ਨੇ ਕਰਵਾਈ ਸੀ।ਏਥੇ ਪਾਤਸ਼ਾਹ ਦੇ ਆਗਮਨ ਦੀ ਖੁਸ਼ੀ ਚ ਤਿੰਨ ਦਿਨ ਦਾ ਸਲਾਨਾ ਜੋੜ ਮੇਲਾ ਹੁੰਦਾ 27, 28 ਅਤੇ 29 ਪੋਹ ਨੂੰ ਨਗਰ ਕੀਰਤਨ ਵੀ ਨਿਕਲਦਾ ਹੈ।

ਨੋਟ: ਇਹ ਵੀ ਲਿਖਿਆ ਮਿਲਦਾ ਹੈ ਕਿ ਸਤਿਗੁਰਾਂ ਆਪ ਇੱਥੇ ਇਸ਼ਨਾਨ ਕੀਤਾ ਤੇ ਇਸ ਦੀ ਕਾਰ ਵੀ ਕਢਵਾਈ।

**ਮੇਜਰ ਸਿੰਘ**
**ਉੱਪ ਸੰਪਾਦਕ, ਖ਼ਾਲਸਾ ਅਖ਼ਬਾਰ**

# ਸੀਸੁ ਦੀਆ ਪਰ ਸਿਰਰੁ ਨ ਦੀਆ ॥



ਨਿਰਸੰਦੇਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਮਹਾਨ ਸ਼ਹਾਦਤ ਕਲਜੁਗ ਵਿਚ ਵਾਪਰਿਆ ਇਕ ਵੱਡਾ ਅਦੁੱਤੀ ਸਾਕਾ ਹੈ। ਐਸੀ ਘਟਨਾ ਦੀ ਉਦਾਹਰਨ ਮਨੁੱਖਤਾ ਦੇ ਇਤਿਹਾਸ ਵਿਚ ਜਾਂ ਧਰਮ ਦੀ ਅਜ਼ਾਦੀ ਦੇ ਸਮੁੱਚੇ ਇਤਿਹਾਸ ਵਿਚ ਮਿਲਣੀ ਕਠਿਨ ਹੈ ਜਦੋਂ ਕਿਸੇ ਦੂਜੇ ਧਰਮ ਦੇ ਪੈਰੋਕਾਰਾਂ ਉੱਪਰ ਬਣੇ ਧਰਮ-ਸੰਕਟ ਨੂੰ ਠੱਲ ਪਾਉਣ ਲਈ ਕਿਸੇ ਮਹਾਨ ਸ਼ਖ਼ਸੀਅਤ ਨੇ ਆਪਣਾ ਬਲੀਦਾਨ ਦਿੱਤਾ ਹੋਵੇ। ਏਸੇ ਲਈ ਆਪ ਜੀ ਨੂੰ 'ਗੁਰੂ ਤੇਗ ਬਹਾਦਰ-ਹਿੰਦ ਦੀ ਚਾਦਰ' ਕਹਿ ਕੇ ਯਾਦ ਕੀਤਾ ਜਾਂਦਾ ਹੈ। ਆਪ ਜੀ ਦਾ ਜਨਮ ੧ ਅਪ੍ਰੈਲ, ੧੬੨੧ ਈ. ਨੂੰ ਪਿਤਾ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਅਤੇ ਮਾਤਾ ਨਾਨਕੀ ਜੀ ਦੇ ਗ੍ਰਿਹ ਵਿਖੇ ਹੋਇਆ। ਆਪ ਪੰਜਾਂ ਭਰਾਵਾਂ ਵਿੱਚੋਂ ਸਭ ਤੋਂ ਛੋਟੇ ਸਨ। ਆਪ ਜੀ ਦਾ ਬਚਪਨ ਸ੍ਰੀ ਅੰਮ੍ਰਿਤਸਰ ਵਿਖੇ ਬੀਤਿਆ ਜਿੱਥੇ ਭਾਈ ਗੁਰਦਾਸ ਜੀ ਦੀ ਨਿਗਰਾਨੀ ਵਿਚ ਆਪ ਜੀ ਨੇ ਹਰ ਤਰ੍ਹਾਂ ਦੀ ਵਿੱਦਿਆ ਅਤੇ ਗੁਰਬਾਣੀ ਦੀ ਸਿੱਖਿਆ ਪ੍ਰਾਪਤ ਕੀਤੀ ਅਤੇ ਬਾਬਾ ਬੁੱਢਾ ਜੀ ਨੇ ਆਪ ਨੂੰ ਘੋੜ-ਸਵਾਰੀ, ਨੇਜ਼ੇਬਾਜ਼ੀ ਅਤੇ ਸੂਰਮਗਤੀ ਦੇ ਕਈ ਕਰਤੱਵ ਸਿਖਾਏ। ਆਪ ਜੀ ਦੀ ਰਾਗ-ਵਿੱਦਿਆ ਵਿਚ ਵਿਸ਼ੇਸ਼ ਰੁਚੀ ਸੀ ਅਤੇ ਆਪ ਕਾਫੀ ਸਮਾਂ ਪ੍ਰਭੂ-ਪਿਆਰ ਅਤੇ ਵੈਰਾਗ ਦੇ ਸ਼ਬਦ ਗਾਇਨ ਕਰਦੇ ਰਹਿੰਦੇ। ਆਪ ਜੀ ਦੀ ਸ਼ਾਦੀ ਬੀਬੀ (ਮਾਤਾ) ਗੁਜਰੀ ਜੀ ਨਾਲ ਹੋਈ।

ਜਹਾਂਗੀਰ ਦੇ ਸਮੇਂ ਤੋਂ ਹੀ ਦਿੱਲੀ ਦਰਬਾਰ ਦਾ ਰੁਖ਼ ਗੁਰੂ-ਘਰ ਵੱਲ ਸੁਖਾਵਾਂ ਨਹੀਂ ਸੀ। ਨਤੀਜੇ ਵਜੋਂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੇ ਮੁਗ਼ਲਾਂ ਨਾਲ ਕਈ ਯੁੱਧ ਹੋਏ ਅਤੇ ਵਿਸ਼ੇਸ਼ ਤੌਰ 'ਤੇ ਕਰਤਾਰਪੁਰ ਦੇ ਯੁੱਧ ਵਿਚ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਵੀ ਬਹਾਦਰੀ ਦੇ ਜੌਹਰ ਵਿਖਾਏ। ਪਿਤਾ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਜੋਤੀ ਜੋਤ ਸਮਾਉਣ ਉਪਰੰਤ ਆਪ ਜੀ, ਮਾਤਾ ਨਾਨਕੀ ਜੀ ਅਤੇ ਬੀਬੀ (ਮਾਤਾ) ਗੁਜਰੀ ਜੀ ਸਣੇ ਬਾਬਾ ਬਕਾਲੇ ਆ ਗਏ। ਇੱਥੇ ਆਪ ਜੀ ਗੁਰੂ-ਘਰ ਵਿਚ ਹੋ ਰਹੇ ਕਾਰਜਾਂ ਨਾਲ ਨਮਿਤ ਜੁੜੇ ਰਹੇ।

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਤੋਂ ਪਿੱਛੋਂ ਸ੍ਰੀ ਗੁਰੂ ਹਰਿਰਾਇ ਸਾਹਿਬ ਅਤੇ ਸ੍ਰੀ ਗੁਰੂ ਹਰਿਰਾਇ ਸਾਹਿਬ ਤੋਂ ਬਾਅਦ ਉਨ੍ਹਾਂ ਦੇ ਸਪੁੱਤਰ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਗੁਰਗੱਦੀ 'ਤੇ ਬਿਰਾਜਮਾਨ ਹੋਏ। ਅੱਠਵੇਂ ਗੁਰੂ, ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ 'ਬਾਬਾ ਬਕਾਲੇ' ਦਾ ਐਲਾਨ ਕਰ ਕੇ ਦਿੱਲੀ ਵਿਖੇ ਜੋਤੀ ਜੋਤ ਸਮਾ ਗਏ। ਇੱਧਰ ਬਾਬਾ ਬਕਾਲਾ ਵਿਖੇ ਆਪ ਜੀ ਨੂੰ ਭਾਈ ਮੱਖਣ ਸ਼ਾਹ ਲੁਬਾਣੇ ਨੇ 'ਗੁਰੂ ਲਾਧੋ ਰੇ, ਗੁਰੂ ਲਾਧੋ ਰੇ ਪੁਕਾਰ ਕੇ ਪ੍ਰਗਟ ਕੀਤਾ। ਧੀਰਮੱਲ ਅਤੇ ਸ਼ੀਹਾਂ ਮੁਹੰਮਦ ਦੇ ਵਿਰੋਧਾਂ ਨੂੰ ਆਪ ਜੀ ਨੇ 'ਸ਼ਹਿਣਸ਼ੀਲਤਾ ਨਾਲ ਨਜਿੱਠਿਆ। ਗੁਰਗੱਦੀ ਮਿਲਣ ਉਪਰੰਤ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਸਿੱਖ ਪੰਥ ਦੀ ਵਾਗਡੋਰ ਸੰਭਾਲੀ ਅਤੇ ਇਸ ਨੂੰ ਸਹੀ ਸੇਧ ਦੇਣ ਦੇ ਉਪਰਾਲੇ ਸ਼ੁਰੂ ਕਰ ਦਿੱਤੇ। ਗੁਰੂ ਜੀ ਨੇ ਮਸੰਦਾਂ ਰਾਹੀਂ ਸੁਨੇਹੇ ਭੇਜ ਕੇ ਅਤੇ ਹੁਕਮਾਨਾਮੇ ਜਾਰੀ ਕਰ ਕੇ ਦੂਰ-ਦੁਰਾਡੇ ਬੈਠੀਆਂ ਸਿੱਖ ਸੰਗਤਾਂ ਨਾਲ ਸੰਪਰਕ ਕਾਇਮ ਕੀਤਾ। ਆਪ ਨੇ ਬਿਲਾਸਪੁਰ ਦੇ ਰਾਜਾ ਦੀਪ ਚੰਦ ਦੀ ਰਾਣੀ (ਮਹਾਰਾਨੀ ਚੰਪਾ) ਤੋਂ ੫੦੦ ਰੁਪਏ ਦੇ ਕੇ ਮਾਖੋਵਾਲ ਦੀ ਧਰਤੀ ਖਰੀਦੀ ਅਤੇ ਏਥੇ ਨਵੀਂ ਵਸੋਂ ਆਬਾਦ ਕੀਤੀ, ਜਿਸ ਦਾ ਨਾਮ ਚੱਕ ਨਾਨਕੀ ਰੱਖਿਆ। ਬਾਅਦ ਵਿਚ ਇਹ ਅਸਥਾਨ ਸ੍ਰੀ ਅਨੰਦਪੁਰ ਸਾਹਿਬ ਦੇ ਨਾਮ ਨਾਲ ਪ੍ਰਸਿੱਧ ਹੋਇਆ। ਸੰਗਤਾਂ ਨਾਲ ਨਿੱਜੀ ਸੰਪਰਕ ਕਰਨ ਲਈ ਆਪ ਨੇ ਲੰਮੀ ਯਾਤਰਾ ਕੀਤੀ। ਰੋਪੜ, ਬਨੂੜ, ਰਾਜਪੁਰਾ, ਬਹਾਦਰਗੜ੍ਹ, ਧਮਧਾਨ ਤੋਂ ਹੁੰਦੇ ਹੋਏ ਆਪ ਦਿੱਲੀ ਪੁੱਜੇ। ਇੱਥੋਂ ਮਥੁਰਾ, ਆਗਰਾ, ਕਾਨ੍ਹਪੁਰ, ਫਤਿਹਪੁਰ, ਅਲਾਹਬਾਦ, ਮਿਰਜ਼ਾਪੁਰ ਅਤੇ ਬਨਾਰਸ ਦੀਆਂ ਸੰਗਤਾਂ ਨੂੰ ਦਰਸ਼ਨ ਦਿੱਤੇ। ਸਾਸਾਰਾਮ ਅਤੇ ਬੋਧ ਗਯਾ ਤੋਂ ਪਟਨਾ ਸਾਹਿਬ ਪੁੱਜੇ, ਜਿੱਥੇ ਪਰਵਾਰ ਛੱਡ ਕੇ ਮੰਘੇਰ ਰਾਹੀਂ ਆਪ ਢਾਕਾ ਪੁੱਜੇ। ਇੱਥੇ ਆਪ ਜੀ ਨੂੰ ਖ਼ਬਰ ਮਿਲੀ ਕਿ ਪਟਨਾ ਸਾਹਿਬ ਵਿਖੇ ਬਾਲਕ ਗੋਬਿੰਦ ਰਾਇ (ਸ੍ਰੀ ਗੁਰੂ ਗੋਬਿੰਦ ਸਿੰਘ ਜੀ) ਨੇ ਪ੍ਰਕਾਸ਼ ਧਾਰਿਆ ਹੈ। ਲੰਮੀਆਂ ਯਾਤਰਾਵਾਂ ਰਾਹੀਂ ਦੂਰ-ਦੁਰਾਡੇ ਦੀਆਂ ਸੰਗਤਾਂ ਨਾਲ ਮੇਲ-ਮਿਲਾਪ ਕਾਰਨ ਆਪ ਜੀ ਹਿੰਦੁਸਤਾਨ ਦੇ ਕਈ ਪ੍ਰਦੇਸ਼ਾਂ, ਸ਼ਹਿਰਾਂ ਅਤੇ ਕਸਬਿਆਂ ਵਿਚ ਧਾਰਮਿਕ ਰਹਿਨੁਮਾ ਵਜੋਂ ਉਜਾਗਰ ਹੋ ਗਏ। ਆਮ ਲੋਕ ਮੁਗ਼ਲ ਹਕੂਮਤ ਦੇ ਸਹਿਮ ਵਿਚ ਜੀਅ ਰਹੇ ਸਨ। ਵਿਸ਼ੇਸ਼ ਕਰਕੇ ਜਹਾਂਗੀਰ ਦੇ ਰਾਜ ਕਾਲ ਤੋਂ ਹਿੰਦੂ ਪਰਜਾ ਨੂੰ ਜਬਰਨ ਮੁਸਲਮਾਨ ਬਣਾਉਣ ਦੀ ਪ੍ਰਕਿਰਿਆ ਜ਼ੋਰ ਪਕੜ ਰਹੀ ਸੀ। ਮੁਸਲਮਾਨ ਸ਼ਾਸਕਾਂ ਵਿਚ ਦੂਜੇ ਧਰਮਾਂ ਪ੍ਰਤੀ ਸਹਿਣਸ਼ੀਲਤਾ ਉੱਕਾ ਹੀ ਨਹੀਂ ਸੀ। ਉਹ ਹਰੇਕ ਨਾਗਰਿਕ ਨੂੰ ਮੁਸਲਮਾਨ ਬਣਾਉਣ ਲਈ ਹਰ ਤਰ੍ਹਾਂ ਦੀ ਸਖ਼ਤੀ ਅਤੇ ਜ਼ੁਲਮ ਕਰਨ ਤੋਂ ਵੀ ਸੰਕੋਚ ਨਹੀਂ ਸੀ ਕਰਦੇ। ਮੁਗ਼ਲ ਬਾਦਸ਼ਾਹ ਔਰੰਗਜ਼ੇਬ ਨ ੧੬੬੯ ਈ. ਵਿਚ ਹਿੰਦੂ ਰਈਅਤ ਉੱਪਰ ਮੁੜ ਜਜ਼ੀਆ ਲਾ ਦਿੱਤਾ। ਉਸ ਨੇ ਹਿੰਦੂਆਂ ਦੇ ਸਭ ਮੰਦਰ ਅਤੇ ਪਾਠਸ਼ਾਲਾਵਾਂ ਢਾਹ ਦੇਣ ਦਾ ਹੁਕਮ ਜਾਰੀ ਕੀਤਾ। ਇਸ ਹੁਕਮ ਨੂੰ ਅਮਲੀ ਜਾਮਾ ਦੇਣ ਲਈ ਕਸ਼ਮੀਰ ਵਿਚ ਵਿਸ਼ੇਸ਼ ਤੌਰ 'ਤੇ ਸਖਤੀ ਵਰਤੀ ਗਈ। ਸੰਨ ੧੬੭੫ ਈ. ਵਿਚ ਕਸ਼ਮੀਰ ਦੇ ਗਵਰਨਰ ਇਫਤਖਾਰ ਖਾਨ ਦੇ ਹੁਕਮ ਨਾਲ ਮੁਸਲਮਾਨ ਬਣਨ ਤੋਂ ਨਾਂਹ-ਨੁਕਰ ਕਰਨ ਵਾਲਿਆਂ ਨੂੰ ਬਹੁਤ ਦੁਖ ਅਤੇ ਤਸੀਹੇ ਦੇਣੇ ਸ਼ੁਰੂ ਕੀਤੇ ਗਏ। ਗਰੀਬ ਤੇ ਕਮਜ਼ੋਰ ਲੋਕਾਂ ਪਾਸ ਕੋਈ ਚਾਰਾ ਨਹੀਂ ਸੀ, ਉਹ ਮਜ਼ਬੂਰਨ ਮੁਸਲਮਾਨ ਬਣਨ ਲੱਗ ਪਏ। ਕਸ਼ਮੀਰ ਦੇ ਪੰਡਤ ਇਸ ਦਸ਼ਾ ਤੋਂ ਬਹੁਤ ਪ੍ਰੇਸ਼ਾਨ ਹੋਏ। ਉਨ੍ਹਾਂ ਨੇ ਇਸ ਮੁਸੀਬਤ ਤੋਂ ਬਚਨ ਲਈ ਸਲਾਹ ਮਸ਼ਵਰਾ ਕੀਤਾ। ਆਖਰ ਬ੍ਰਾਹਮਣ ਵਰਗ ਦਾ ਇਕ ਜਥਾ ਮਟਨ ਨਿਵਾਸੀ ਪੰਡਿਤ ਕ੍ਰਿਪਾ ਰਾਮ ਦੀ ਅਗਵਾਈ ਵਿਚ ੧੬੭੫ ਈ. ਨੂੰ ਚੱਕ ਨਾਨਕੀ (ਸ੍ਰੀ ਅਨੰਦਪੁਰ ਸਾਹਿਬ) ਪੁੱਜਿਆ ਅਤੇ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਸਾਰੀ ਦੁਖ ਭਰੀ ਵਿਥਿਆ ਦੱਸੀ ਅਤੇ ਬਹੁੜੀ ਕਰਨ ਲਈ ਬੇਨਤੀ ਕੀਤੀ। ਪੰਡਿਤ ਕ੍ਰਿਪਾ ਰਾਮ ਤੋਂ ਦੁਖ ਭਰੀ ਵਾਰਤਾ ਸੁਣ ਕੇ ਗੁਰੂ ਮਹਾਰਾਜ ਗੰਭੀਰ ਹੋ ਗਏ ਅਤੇ ਸੋਚਣ ਲੱਗੇ ਕਿ ਇਸ ਜ਼ੁਲਮ ਨੂੰ ਕਿਵੇਂ ਠਲ੍ਹ ਪਾਈ ਜਾਵੇ ? ਆਪ ਜੀ ਅੰਤਰ-ਧਿਆਨ ਹੋ ਕੇ ਸੋਚ ਹੀ ਰਹੇ ਸੀ ਕਿ ਹੋਣਹਾਰ ਬਾਲਕ ਗੋਬਿੰਦ ਰਾਇ ਜੀ (ਸ੍ਰੀ ਗੁਰੂ ਗੋਬਿੰਦ ਸਿੰਘ ਜੀ), ਜਿਨ੍ਹਾਂ ਦੀ ਆਯੂ ਉਸ ਸਮੇਂ ੯ ਵਰ੍ਹੇ ਦੱਸੀ ਜਾਂਦੀ ਹੈ, ਪਿਤਾ-ਗੁਰੂ ਪਾਸ ਆ ਪਹੁੰਚੇ। ਪਿਤਾ ਜੀ ਨੂੰ ਗੰਭੀਰਤਾ ਦਾ ਕਾਰਨ ਪੁੱਛਿਆ। ਗੁਰੂ ਜੀ ਨੇ ਬਾਲਕ ਨੂੰ ਪਿਆਰ ਕੀਤਾ, ਪਾਸ ਬਿਠਾਇਆ ਅਤੇ ਕਸ਼ਮੀਰੀ ਪੰਡਤਾਂ ਦੀ ਦੁੱਖ ਭਰੀ ਕਹਾਣੀ ਦੱਸੀ ਅਤੇ ਇਹ ਕਿਹਾ ਕਿ ਇਸ ਜ਼ੁਲਮ ਨੂੰ ਕਿਸੇ ਮਹਾਨ ਆਤਮਾ ਦੀ ਕੁਰਬਾਨੀ ਹੀ ਰੋਕ ਸਕਦੀ ਹੈ। ਬਾਲ ਗੋਬਿੰਦ ਰਾਇ ਨੇ ਸਹਿਜ ਸੁਭਾਅ ਹੀ ਕਿਹਾ ਕਿ ਆਪ ਜੀ ਤੋਂ ਬਿਨਾ ਮਹਾਨ ਆਤਮਾ ਹੋਰ ਕੌਣ ਹੋ ਸਕਦੀ ਹੈ ?ਗੁਰੂ ਜੀ ਇਹ ਉੱਤਰ ਸੁਣ ਕੇ ਬਹੁਤ ਪ੍ਰਸੰਨ ਹੋਏ ਅਤੇ ਉਨ੍ਹਾਂ ਨੂੰ ਤਸੱਲੀ ਹੋ ਗਈ ਕਿ ਗੋਬਿੰਦ ਰਾਇ ਸਿੱਖ ਪੰਥ ਦੀ ਅਗਵਾਈ ਕਰਨ ਦੇ ਯੋਗ ਹੋ ਗਏ ਹਨ। ਉਨ੍ਹਾਂ ਨੇ ਕਸ਼ਮੀਰੀ ਪੰਡਤਾਂ ਨੂੰ ਕਿਹਾ ਕਿ ਉਹ ਵਾਪਸ ਕਸ਼ਮੀਰ ਪਰਤ ਜਾਣ ਅਤੇ ਗਵਰਨਰ ਨੂੰ ਕਹਿ ਦੇਣ ਕਿ ਜੇਕਰ ਉਹ ਗੁਰੂ ਤੇਗ ਬਹਾਦਰ ਨੂੰ ਮੁਸਲਮਾਨ ਬਣਾ ਲੈਣ ਤਾਂ ਅਸੀਂ ਸਾਰੇ ਮੁਸਲਮਾਨ ਬਣ ਜਾਵਾਂਗੇ।

ਗਵਰਨਰ ਨੇ ਜਦੋਂ ਔਰੰਗਜ਼ੇਬ ਨੂੰ ਇਹ ਸੁਨੇਹਾ ਭੇਜਿਆ ਤਾਂ ਉਸ ਨੇ ਤੁਰੰਤ ਗੁਰੂ ਤੇਗ ਬਹਾਦਰ ਜੀ ਦੀ ਗ੍ਰਿਫ਼ਤਾਰੀ ਦੇ ਹੁਕਮ ਜਾਰੀ ਕਰ ਦਿੱਤੇ ਅਤੇ ਸ੍ਰੀ ਅਨੰਦਪੁਰ ਸਾਹਿਬ ਵੱਲ ਸਿਪਾਹੀ ਭੇਜ ਦਿੱਤੇ। ਸਿਪਾਹੀਆਂ ਦੇ ਪੁੱਜਣ ਤੋਂ ਪਹਿਲਾਂ ਹੀ ਗੁਰੂ ਜੀ ਨੇ ਦਿੱਲੀ ਵਲ ਯਾਤਰਾ ਸ਼ੁਰੂ ਕਰ ਦਿੱਤੀ ਤਾਂ ਕਿ ਥਾਂ ਪਰ ਥਾਂ ਜਾ ਕੇ ਰਸਤੇ ਦੀਆਂ ਸੰਗਤਾਂ ਨੂੰ ਹੋ ਰਹੇ ਅੱਤਿਆਚਾਰਾਂ ਤੋਂ ਜਾਣੂ ਕਰਵਾਇਆ ਜਾਵੇ।

ਨਵੰਬਰ ੧੬੭੫ ਈ. ਨੂੰ ਗੁਰੂ ਜੀ ਦਿੱਲੀ ਪੁੱਜੇ। ਇੱਥੇ ਆਪ ਨੂੰ ਸੰਗਲਾਂ ਨਾਲ ਜਕੜਿਆ ਗਿਆ ਅਤੇ ਹਰ ਤਰ੍ਹਾਂ ਦਾ ਜ਼ੁਲਮ ਕੀਤਾ ਗਿਆ ਤਾਂ ਕਿ ਆਪ ਇਸਲਾਮ ਵਿਚ ਸ਼ਾਮਲ ਹੋਣਾ ਪ੍ਰਵਾਨ ਕਰ ਲੈਣ ਪਰ ਨਾ ਤਾਂ ਸਰੀਰਕ ਕਸ਼ਟ ਤੇ ਨਾ ਹੀ ਦੁਨਿਆਵੀ ਲਾਲਚ ਆਪ ਨੂੰ ਆਪਣੇ ਇਰਾਦੇ, ਧਰਮ ਅਤੇ ਸੱਚ ਦੇ ਮਾਰਗ ਤੋਂ ਥਿੜਕਾ ਸਕੇ। ਜਦੋਂ ਮੁਗ਼ਲ ਅਧਿਕਾਰੀਆਂ ਦਾ ਕੋਈ ਵੱਸ ਨਾ ਚੱਲਿਆ ਤਾਂ ਆਪ ਜੀ ਨੂੰ ਆਪਣੇ ਧਰਮ ਦੀ ਉੱਚਤਾ ਸਿੱਧ ਕਰਨ ਲਈ ਕਰਾਮਾਤ ਵਿਖਾਉਣ ਲਈ ਕਿਹਾ ਗਿਆ ਪਰ ਆਪ ਨੇ ਅਜਿਹਾ ਕਰਨ ਤੋਂ ਨਾਂਹ ਕਰਦਿਆਂ ਕਿਹਾ ਕਿ ਪਰਮਾਤਮਾ ਦੇ ਹੁਕਮ ਵਿਚ ਮੁਦਾਖਲਤ ਕਰਨੀ ਉਨ੍ਹਾਂ ਦਾ ਅਸੂਲ ਨਹੀਂ। ਜਦੋਂ ਗੁਰੂ ਜੀ ਨੇ ਹਕੂਮਤ ਦੀ ਕੋਈ ਗੱਲ ਨਾ ਮੰਨੀ ਤਾਂ ਆਪ ਜੀ ਨੂੰ ਚਾਂਦਨੀ ਚੌਂਕ ਵਿਖੇ ੧੧ ਨਵੰਬਰ, ਸੰਨ ੧੬੭੫ ਈ. ਨੂੰ ਆਮ ਲੋਕਾਂ ਦੀ ਮੌਜੂਦਗੀ ਵਿਚ ਆਪ ਜੀ ਦਾ ਸੀਸ ਧੜ ਤੋਂ ਅਲਗ ਕਰ ਕੇ ਸ਼ਹੀਦ ਕਰ ਦਿੱਤਾ ਗਿਆ। ਹਕੂਮਤ ਦੀ ਕਰੋਪੀ ਤੋਂ ਡਰਦਿਆਂ ਆਪ ਦੇ ਸਰੀਰ ਦੀ ਸੰਭਾਲ ਲਈ ਕੋਈ ਵੀ ਅੱਗੇ ਨਾ ਆਇਆ। ਪਰੰਤੂ ਹਕੂਮਤ ਦੇ ਸਖਤ ਪਹਿਰੇ ਵਿਚ ਭਾਈ ਲੱਖੀ ਸ਼ਾਹ ਵਣਜਾਰਾ ਅਤੇ ਉਸ ਦਾ ਪੁੱਤਰ ਭਾਈ ਨਗਾਹੀਆ ਆਪਣੇ ਗੱਡੇ ਵਿਚ ਗੁਰੂ ਜੀ ਦਾ ਧੜ ਗੱਡੇ ਵਿਚ ਰੱਖ ਕੇ ਆਪਣੇ ਘਰ ਲੈ ਗਏ। ਮੁਗ਼ਲਾਂ ਦੇ ਭੈ ਕਾਰਨ ਖੁਲ੍ਹੇ ਤੌਰ 'ਤੇ ਸਸਕਾਰ ਕਰਨਾ ਸੰਭਵ ਨਹੀਂ ਸੀ, ਇਸ ਲਈ ਭਾਈ ਲੱਖੀ ਸ਼ਾਹ ਨੇ ਗੁਰੂ ਜੀ ਦਾ ਸਰੀਰ ਘਰ ਦੇ ਅੰਦਰ ਰੱਖ ਕੇ ਘਰ ਨੂੰ ਅੱਗ ਲਾ ਦਿੱਤੀ। ਸਰੀਰ ਦੇ ਸਸਕਾਰ ਦੇ ਨਾਲ ਘਰ ਵੀ ਜਲ ਕੇ ਰਾਖ ਹੋ ਗਿਆ। ਇਸ ਅਸਥਾਨ 'ਤੇ ਗੁਰਦੁਆਰਾ ਰਕਾਬਗੰਜ ਸਾਹਿਬ ਸਥਿਤ ਹੈ ਅਤੇ ਚਾਂਦਨੀ ਚੌਂਕ ਵਿਖੇ, ਜਿੱਥੇ ਗੁਰੂ ਜੀ ਨੂੰ ਸ਼ਹੀਦ ਕੀਤਾ ਗਿਆ, ਉੱਥੇ ਗੁਰਦੁਆਰਾ ਸੀਸ ਗੰਜ ਸਾਹਿਬ ਸੁਸ਼ੋਭਿਤ ਹੈ।

ਸ਼ਹਾਦਤ ਦੇ ਤੁਰੰਤ ਬਾਅਦ ਐਸੀ ਭਗਦੜ ਮੱਚੀ ਜਿਸ ਵਿਚ ਭਾਈ ਜੈਤਾ ਜੀ ਨੇ ਗੁਰੂ ਜੀ ਦੇ ਸੀਸ ਦੀ ਸੰਭਾਲ ਕੀਤੀ ਅਤੇ ਸਿੱਧਾ ਅਨੰਦਪੁਰ ਸਾਹਿਬ ਵੱਲ ਚਾਲੇ ਪਾ ਦਿੱਤੇ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਸ਼ਹਾਦਤ ਦਾ ਸਾਰਾ ਪ੍ਰਸੰਗ ਦੱਸਿਆ ਅਤੇ ਪਿਤਾ ਜੀ ਦਾ ਸੀਸ ਭੇਟ ਕੀਤਾ। ਗੁਰੂ ਜੀ ਨੇ ਸਤਿਕਾਰ ਅਤੇ ਪਿਆਰ ਵਿਚ ਮਸਤਕ ਝੁਕਾਇਆ, ਭਾਈ ਜੈਤਾ ਜੀ ਨੂੰ ਗਲਵਕੜੀ ਵਿਚ ਲੈ ਕੇ ਪਿਆਰ ਕੀਤਾ ਤੇ ਕਿਹਾ, 'ਰੰਗਰੇਟਾ, ਗੁਰੂ ਕਾ ਬੇਟਾ'। ਫਿਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਅਤੇ ਸੰਗਤਾਂ ਨੇ ਸੀਸ ਦਾ ਸਸਕਾਰ ਕੀਤਾ। ਦਿੱਲੀ ਤੋਂ ਭਾਈ ਲੱਖੀ ਸ਼ਾਹ ਅਤੇ ਹੋਰ ਸੰਗਤ ਵੀ ਪੁੱਜ ਗਈ, ਸਭ ਨੇ ਸ਼ਹੀਦੀ ਦਾ ਦਰਦਨਾਕ ਸਾਕਾ ਗੁਰੂ ਜੀ ਨੂੰ ਸਰਵਣ ਕਰਵਾਇਆ ਤੇ 'ਗੁਰੂ ਤੇਗ ਬਹਾਦਰ, ਹਿੰਦ ਦੀ ਚਾਦਰ ਕਹਿ ਕੇ ਉਨ੍ਹਾਂ ਦੀ ਜੈ-ਜੈਕਾਰ ਕੀਤੀ। ਇਸ ਸ਼ਹੀਦੀ ਦੀ ਸਾਖ ਭਰਦਿਆਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਆਪਣੀ ਬਾਣੀ 'ਬਚਿਤ੍ਰ ਨਾਟਕ' ਵਿਚ ਲਿਖਦੇ ਹਨ ਕਿ ਹਿੰਦੂ ਧਰਮ ਦੇ ਪ੍ਰਮੁੱਖ ਚਿੰਨ ਤਿਲਕ ਅਤੇ ਜੰਞ ਦੀ ਰੱਖਿਆ ਹਿਤ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਸ਼ਹੀਦੀ ਦਿੱਤੀ, ਜੋ ਕਲਜੁਗ ਦਾ ਇਕ ਮਹਾਨ ਸਾਕਾ ਸੀ (ਇੱਥੇ ਇਹ ਗੱਲ ਵੀ ਜ਼ਿਕਰਯੋਗ ਹੈ ਕਿ ਗੁਰੂ ਸਾਹਿਬਾਨ ਤਿਲਕ ਜੰਞੂ ਦੇ ਧਾਰਨੀ ਨਹੀਂ ਸਨ, ਅਸਲ ਵਿਚ ਨੌਵੇਂ ਪਾਤਸ਼ਾਹ ਦੀ ਸ਼ਹੀਦੀ ਧਾਰਮਿਕ ਅਜ਼ਾਦੀ ਨੂੰ ਬਹਾਲ ਰਖਣ ਹਿੱਤ ਹੋਈ) ਆਪ ਨੇ ਨਿਰਭੈ ਹੋ ਕੇ, ਆਪਣੇ ਧਰਮ ਅਤੇ ਅਸੂਲਾਂ ਤੇ ਦ੍ਰਿੜ੍ਹ ਰਹਿ ਕੇ ਸੀਸ ਦਾ ਬਲੀਦਾਨ ਦਿੱਤਾ। ਇਹ ਮਹਾਨ ਸਾਕਾ ਧਰਮ ਦੀ ਰੱਖਿਆ ਹਿੱਤ ਵਾਪਰਿਆ।

ਧਰਮ ਦੀ ਖਾਤਰ ਦਿੱਲੀ ਦੇ ਬਾਦਸ਼ਾਹ ਦੀ ਦਹਿਲੀਜ਼ ਪਰ ਆਪਣੇ ਸਰੀਰ ਦਾ ਠੀਕਰਾ ਫੋੜ ਕੇ ਗੁਰੂ ਜੀ ਨੇ ਐਸੀ ਕਿਰਿਆ ਕੀਤੀ ਜਿਸ ਦੀ ਉਦਾਹਰਨ ਨਹੀਂ ਮਿਲਦੀ। ਅੱਤਿਆਚਾਰ ਦੀ ਇੰਤਹਾ ਦੇਖਦਿਆਂ ਸੰਸਾਰ ਦੇ ਲੋਕਾਂ ਨੇ ਬਹੁਤ ਸ਼ੋਕ ਮਨਾਇਆ:

ਤਿਲਕ ਜੰਞੂ ਰਾਖਾ ਪ੍ਰਭ ਤਾ ਕਾ ॥
ਕੀਨੋ ਬਡੋ ਕਲੂ ਮਹਿ ਸਾਕਾ ॥ਸਾਧਨ ਹੇਤਿ ਇਤੀ ਜਿਨਿ ਕਰੀ ॥
ਸੀਸੁ ਦੀਆ ਪਰ ਸੀ ਨ ਉਚਰੀ ॥
ਧਰਮ ਹੇਤ ਸਾਕਾ ਜਿਨਿ ਕੀਆ ॥
ਸੀਸੁ ਦੀਆ ਪਰ ਸਿਰਰੁ ਨ ਦੀਆ ॥
ਨਾਟਕ ਚੇਟਕ ਕੀਏ ਕੁਕਾਜਾ ॥
ਪ੍ਰਭ ਲੋਗਨ ਕਹ ਆਵਤ ਲਾਜਾ ॥(ਦਸਮ ਗ੍ਰੰਥ)

ਇਸ ਸ਼ਹਾਦਤ ਨਾਲ ਇਕ ਪਾਸੇ ਹਿੰਦੂ ਕੌਮ ਵਿਚ ਜਾਗ੍ਰਿਤੀ ਆਈ ਕਿ ਉਨ੍ਹਾਂ ਨੂੰ ਧਰਮ 'ਤੇ ਕਾਇਮ ਰਹਿਣਾ ਚਾਹੀਦਾ ਹੈ ਅਤੇ ਜ਼ੁਲਮ ਨੂੰ ਠੱਲ ਪਾਉਣ ਲਈ ਕੁਰਬਾਣੀ ਕਰਨੀ ਚਾਹੀਦੀ ਹੈ।

ਪਿਤਾ-ਗੁਰੂ ਦੀ ਮਹਾਨ ਸ਼ਹਾਦਤ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਇਕ ਡੂੰਘੀ ਸੋਚ ਵਿਚ ਪਾ ਦਿੱਤਾ ਅਤੇ ਉਹ ਜ਼ੁਲਮ ਦੀ ਰੋਕਥਾਮ ਲਈ ਕਿਸੇ ਮਹਾਨ ਯੋਜਨਾ ਨੂੰ ਸਿਰਜਣ ਅਤੇ ਅਮਲ ਵਿਚ ਲਿਆਉਣ ਲਈ ਗੰਭੀਰ ਹੋ ਗਏ। ੧੬੯੯ ਈ. ਦੀ ਵੈਸਾਖੀ ਨੂੰ ਹੋਈ ਖਾਲਸਾ ਪੰਥ ਦੀ ਸਿਰਜਣਾ ਇਸ ਗੰਭੀਰ ਸੋਚ ਦਾ ਸਿੱਟਾ ਸੀ ਅਤੇ ਇਸ ਸਿਰਜਣਾ ਵਿਚ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਬਲੀਦਾਨ ਦੀ ਬਹੁਤ ਵੱਡੀ ਦੇਣ ਹੈ।

**-ਡਾ. ਜਗਜੀਤ ਸਿੰਘ**

## ਗੁਰਦੁਆਰਾ ਬੇਰੀ ਸਾਹਿਬ ਪਾਤਸ਼ਾਹੀ ਨੌਵੀਂ, ਖਿਆਲਾ ਕਲਾਂ, ਮਾਨਸਾ

ਨੌਵੇਂ ਪਾਤਸ਼ਾਹ ਧੰਨ ਗੁਰੂ ਤੇਗ ਬਹਾਦਰ ਸਾਹਿਬ ਜੀ ਅਲੀਸ਼ੇਰ ਭੀਖੀ ਤੋਂ ਹੁੰਦੇ ਹੋਏ ਪਿੰਡ ਖਿਆਲਾ ਕਲਾਂ ਨੇੜੇ ਮਾਨਸਾ ਪਹੁੰਚੇ। ਏਥੇ ਇੱਕ ਬੇਰੀ ਨਾਲ ਘੋੜੇ ਬੰਨੇ, ਅਰਾਮ ਕੀਤਾ। ਪਹਿਲਾਂ ਪਿੰਡ ਵਾਸੀਆਂ ਨੇ ਬਹੁਤਾ ਧਿਆਨ ਨਾ ਦਿੱਤਾ, ਫੇਰ ਇੱਕ ਪੰਡਤ ਗੰਗਾ ਰਾਮ ਚਰਨੀਂ ਆਇਆ। ਦਰਸ਼ਨ ਕੀਤੇ। ਬੜੀ ਸ਼ਾਂਤੀ ਮਿਲੀ। ਉਹਨੇ ਬਾਕੀਆਂ ਨੂੰ ਦੱਸਿਆ, ਸਾਰੀ ਸੰਗਤ ਆਈ। ਗੰਗਾ ਰਾਮ ਨੇ ਗਰਮ ਦੁਧ ਦਾ ਛੰਨਾ ਭਰਕੇ ਪਾਤਸ਼ਾਹ ਨੂੰ ਛਕਾਇਆ। ਸੇਵਾ ਤੋਂ ਖੁਸ਼ ਹੋ ਕੇ ਪਾਤਸ਼ਾਹ ਨੇ ਕਿਹਾ, ਕੁਝ ਲੋੜ ਐ ਤਾਂ ਦਸੋ ! ਗੰਗਾ ਰਾਮ ਨੇ ਹੱਥ ਨਾਲ ਇਸ਼ਾਰਾ ਕਰਕੇ ਕਿਹਾ, ਆ ਮੇਰੇ ਜਜਮਾਨ ਭਾਈ ਮੱਕਾ ਜੀ ਆ, ਏਨਾਂ ਦੇ ਪਰਿਵਾਰ 'ਚ ਵਾਧਾ ਨੀ ਹੁੰਦਾ। ਕਿਰਪਾ ਕਰੋ ! ਮਹਾਰਾਜ ਨੇ ਕਿਹਾ, ਭਾਈ ਮੱਕਾ ਦੇ ਘਰ ਚਾਰ ਪੁੱਤ ਹੋਣਗੇ। ਚਾਰੇ ਨੰਬਰਦਾਰੀਆਂ ਕਰਨਗੇ, ਪਿੰਡ ਵਾਲੇ ਦੱਸਦੇ ਹਨ ਕਿ ਸਮੇਂ ਨਾਲ ਭਾਈ ਮੱਕੇ ਦੇ ਚਾਰ ਪੁੱਤ ਤੇ ਇੱਕ ਧੀ ਹੋਈ।

ਗੁਰੂ ਦੇ ਬਚਨ ਵੇਖੋ ! ਇਸ ਪਰਿਵਾਰ ਕੋਲ ਚਾਰ ਨੰਬਰਦਾਰੀਆਂ ਹਨ। ਹੁਣ ਤੱਕ ਇੱਕ ਖਿਆਲਾ ਕਲਾਂ ਪਿੰਡ ਦੀ।
ਦੂਜੀ ਨਥੇਹਾ ਪਿੰਡ ਦੀ (ਨੇੜੇ ਤਲਵੰਡੀ ਸਾਬੋ)।
ਤੀਜੀ ਧੰਨਪੁਰ ਨੇੜੇ ਕਾਲਿਆਂਵਾਲੀ।
ਚੌਥੀ ਮੁਕਤਸਰ ਸਾਹਿਬ 'ਚ ਪੱਤੀ ਮੱਕਾ ਦੀ।

ਜਿਸ ਭਾਂਡੇ 'ਚ ਪਾਤਸ਼ਾਹ ਨੇ ਦੁੱਧ ਛਕਿਆ ਸੀ, ਉਹ ਛੰਨਾ ਗੰਗਾਰਾਮ ਨੂੰ ਫੜਾ ਕੇ ਕਿਹਾ, 'ਏ ਆਮ ਭਾਂਡਿਆਂ ਵਾਂਗ ਨਾ ਵਰਤੀਂ, ਸੰਭਾਲ ਕਰੀਂ, ਤੇਰੇ ਘਰ ਕਿਸੇ ਚੀਜ਼ ਦੀ ਥੁੜ ਨਾ ਰਹੂ !' ਉਹ ਛੰਨਾ ਅੱਜ ਵੀ ਪੰਡਤਾਂ ਦੇ ਘਰ ਮੌਜੂਦ ਹੈ। ਜਿਸ ਨੂੰ ਛੰਨਾ ਸਾਹਿਬ ਕਹਿੰਦੇ ਹਨ।

ਬੇਰੀ ਭਾਵੇਂ ਗੁਰੂ-ਕਾਲ ਸਮੇਂ ਦੀ ਹੈ , ਪਰ ਏਥੇ ਪਹਿਲਾਂ ਗੁਰੂ-ਘਰ ਨਹੀਂ ਸੀ। ਦਮਦਮੀ ਟਕਸਾਲ ਦੇ 12ਵੇਂ ਮੁਖੀ ਸੰਤ ਗਿਆਨੀ ਗੁਰਬਚਨ ਸਿੰਘ ਜੀ ਖਾਲਸਾ ਭਿੰਡਰਾਂਵਾਲੇ ਜਥੇ ਸਮੇਤ ਇਸ ਪਿੰਡ ਗੁਰਮਤਿ ਪ੍ਰਚਾਰ ਲਈ ਆਉਂਦੇ ਰਹੇ ਹਨ। ਸੰਤਾਂ ਨੇ ਸੰਗਤ ਨੂੰ ਪ੍ਰੇਰਣਾ ਕਰਕੇ ਏਥੇ ਗੁਰੂ-ਘਰ ਅਰੰਭ ਕਰਵਾਇਆ। ਜਿਸਦਾ ਨਾਂ ਬੇਰੀ ਕਰਕੇ ਗੁਰਦੁਆਰਾ ਬੇਰੀ ਸਾਹਿਬ ਪਾਤਸ਼ਾਹੀ ਨੌਵੀਂ ਹੋਇਆ। ਇੱਥੇ ਦਸਵੀਂ ਨੂੰ ਮੇਲਾ ਹੁੰਦਾ ਹੈ।

**ਮੇਜਰ ਸਿੰਘ (ਉਪ ਸੰਪਾਦਕ, ਖ਼ਾਲਸਾ ਅਖ਼ਬਾਰ)**

# Meditation and Food

Blood flows in the body, breathing continues, the heart beats — the activity of the entire body depends on food. If food is disconnected, the body dies. A person may give up food with effort, but cannot give up hunger. A person may stop drinking water, but cannot remove thirst from the body.The body's physical energy comes from food. However, no great spiritual or constructive work can be accomplished with food-energy alone. And if food-energy becomes excessive, it gives birth to immoral tendencies. The taste of food depends on hunger — the last morsel never tastes like the first. As we keep eating, the taste gradually decreases because hunger decreases. Hunger and taste are directly connected.Gurbani says:ਰੂਪੈ ਕਾਮੈ ਦੋਸਤੀ ਭੁਖੈ ਸਾਦੈ ਗੰਢੁ ॥ (ਅੰਗ ੧੨੮੮) Beauty and lust are companions; hunger and taste are tied together.Meditation is spiritual nourishment. Actions performed with spiritual energy bring peace to the world. The taste of meditation reduces the taste for food. Therefore, those who meditate deeply eat less.Gurbani says:ਓਨੀ ਦੁਨੀਆ ਤੋੜੇ ਬੰਧਨਾ ਅੰਨੁ ਪਾਣੀ ਥੋੜਾ ਖਾਇਆ ॥ (ਅੰਗ ੪੬੬)They break the bonds of the world and live on little food and water.A person who eats excessively is called a glutton, and one who meditates excessively is called a yogi. Overeating brings illness, but meditation keeps the body healthy. When a larger line is drawn, the smaller line automatically becomes small — likewise, the energy and taste of meditation reduce the importance of food.From excess food arises sexual desire. But from meditation arises the experience of God. If someone feels joy from overeating, it proves they have not yet tasted meditation. Excess food leads toward immoral deeds; meditation leads toward God.Satguru Ji teaches that life sustained merely by food is not real life. True life is found only through meditation:ਸੋ ਜੀਵਿਆ ਜਿਸੁ ਮਨਿ ਵਸਿਆ ਸੋਇ ॥They alone are truly alive, in whose minds the Lord dwells.ਨਾਨਕ ਅਵਰੁ ਨ ਜੀਵੈ ਕੋਇ ॥O Nanak, no one else is truly alive.ਜੇ ਜੀਵੈ ਪਤਿ ਲਥੀ ਜਾਇ ॥Those who merely live depart in dishonour;ਸਭੁ ਹਰਾਮੁ ਜੇਤਾ ਕਿਛੁ ਖਾਇ ॥ (ਅੰਗ ੧੪੨)Whatever they eat is impure.A Sufi saint said:"Eating and drinking are required to keep the body alive, and the body is required so that one may remember God."Maulana Rumi said:"Food makes the body fat; meditation makes the soul fat."With energy produced from food, a person may try to snatch another's morsel. With energy produced from meditation, a person is willing to sacrifice even his life for others. Food-energy leads toward grasping; meditation-energy leads toward giving.When one experiences the taste of meditation, life reaches its summit and the purpose of life is fulfilled.

**by Giani Sant Singh Ji Maskeen**

# ਗੁਰੂ ਤੇਗ ਬਹਾਦਰ ਜੀ : ਸੇਵਾ ਅਤੇ ਪਰਉਪਕਾਰ ਦਾ ਸੰਦੇਸ਼

ਤੇਗ ਬਹਾਦਰ ਸਿਮਰਿਐ ਘਰ ਨਉ ਨਿਧ ਆਵੈ ਧਾਇ।
-ਗੁਰੂ ਤੇਗ ਬਹਾਦਰ ਸਵਾਂਗ ਰਚਾਯੰ।ਜਿਹ ਆਪਨ ਸੀਸ ਦੇ ਜਗ ਠਹਰਾਯੰ।

ਇਹ ਦੋਵੇਂ ਪੰਕਤੀਆਂ ਗੁਰੂ ਤੇਗ ਬਹਾਦਰ ਜੀ ਦੇ ਪਰਉਪਕਾਰੀ ਸੁਭਾਅ ਦਾ ਵਰਨਨ ਕਰਦੀਆਂ ਹਨ।ਪਹਿਲੀ ਪੰਕਤੀ ਅਰਦਾਸ ਦਾ ਹਿੱਸਾ ਹੈ ਜਿਹੜੀ ਕਿ 'ਵਾਰ ਦੁਰਗਾ ਕੀ' ਦੇ ਪਹਿਲੇ ਕਾਵਿ-ਬੰਦ ਵਿਚ ਦਰਜ ਹੈ।ਇਸ ਪੰਕਤੀ ਵਿਚ 'ਨਉ ਨਿਧੀਆਂ' ਦਾ ਜ਼ਿਕਰ ਹੈ ਜਿਨ੍ਹਾਂ ਦਾ ਵਰਨਨ ਪੌਰਾਣਿਕ ਗ੍ਰੰਥਾਂ ਵਿਚ ਦੇਖਣ ਨੂੰ ਮਿਲਦਾ ਹੈ। ਇਹਨਾਂ ਦੀ ਪ੍ਰਾਪਤੀ ਲਈ ਕਰੜੇ ਜਪ-ਤਪ ਕਰਨੇ ਪੈਂਦੇ ਹਨ।ਅਰਦਾਸ ਦੀ ਪੰਕਤੀ ਵਿਚ ਸਪਸ਼ਟ ਤੌਰ 'ਤੇ ਦੱਸਿਆ ਗਿਆ ਹੈ ਕਿ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਸਿਮਰਨ ਕਰਨ ਨਾਲ ਇਹ ਖ਼ਜ਼ਾਨੇ ਸਹਿਜੇ ਹੀ ਪ੍ਰਾਪਤ ਹੋ ਜਾਂਦੇ ਹਨ।

ਦੂਜੀ ਪੰਕਤੀ ਭਾਈ ਗੁਰਦਾਸ ਦੂਜੇ ਦੀ ਰਚਨਾ ਵਿਚੋਂ ਹੈ ਜਿਹੜੇ ਕਿ ਗੁਰੂ ਗੋਬਿੰਦ ਸਿੰਘ ਜੀ ਦੇ ਨੇੜਲੇ ਸਮੇਂ ਵਿਚ ਹੋਏ ਮੰਨੇ ਜਾਂਦੇ ਹਨ। ਇਹਨਾਂ ਨੇ ਆਪਣੀ ਰਚਨਾ ਵਾਰ ਸ੍ਰੀ ਭਗਉਤੀ ਜੀ ਕੀ ਪਾਤਿਸ਼ਾਹੀ ਦਸਵੀਂ ਕੀ ਵਿਚ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਸਤਿਸੰਗਤ ਨੂੰ ਖਾਲਸੇ ਦਾ ਰੂਪ ਵਿਚ ਤਬਦੀਲ ਕਰਨ ਦਾ ਭਾਵਪੂਰਤ ਵਰਨਨ ਕੀਤਾ ਹੈ।ਇਸ ਵਾਰ ਵਿਚ ਇਹ ਦੱਸਦੇ ਹਨ ਕਿ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਕੌਤਕ ਕੀਤਾ ਅਤੇ ਆਪਣਾ ਸੀਸ ਦੇ ਕੇ ਜਗਤ ਨੂੰ ਬਚਾ ਲਿਆ। ਦਮਸੇਸ਼ ਪਿਤਾ ਜੀ ਦਾ ਦਰਬਾਰੀ ਕਵੀ ਸੈਨਾਪਤਿ ਕਹਿੰਦਾ ਹੈ ਕਿ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਨਾਲ ਕੇਵਲ ਇਕ ਧਰਮ ਹੀ ਨਹੀਂ ਬਚਿਆ ਬਲਕਿ ਸੰਸਾਰ ਦੇ ਸਮੂਹ ਧਰਮਾਂ ਦੀ ਹੋਂਦ ਬਚ ਗਈ, ਜਿਸ ਕਰਕੇ ਤਿੰਨਾਂ ਲੋਕਾਂ ਵਿਚ ਉਹਨਾਂ ਦੀ ਮਹਿਮਾ ਫੈਲ ਗਈ ਸੀ :

ਪ੍ਰਗਟ ਭਏ ਗੁਰ ਤੇਗ ਬਹਾਦਰ।
ਸਗਲ ਸ੍ਰਿਸਟਿ ਪੈ ਢਾਪੀ ਚਾਦਰ।
ਕਰਮ ਧਰਮ ਕੀ ਜਿਨਿ ਪਤਿ ਰਾਖੀ।
ਅਟਲ ਕਰੀ ਕਲਜੁਗ ਮੈਂ ਸਾਖੀ॥
ਸਗਲ ਸ੍ਰਿਸਟਿ ਜਾ ਕਾ ਜਸ ਭਯੋ।
ਜਿਹ ਤੇ ਸਰਬ ਧਰਮ ਬਚਯੋ।

ਉਕਤ ਪੰਕਤੀਆਂ ਗੁਰੂ ਜੀ ਦੀ ਸ਼ਹਾਦਤ ਨਾਲ ਸਮੂਹ ਗੈਰ-ਮੁਸਲਿਮ ਲੋਕਾਂ ਦੇ ਵਿਸ਼ਵਾਸ ਅਤੇ ਧਰਮ ਬਚਣ ਵੱਲ ਸੰਕੇਤ ਕਰਦੀਆਂ ਹਨ।ਗੁਰੂ ਜੀ ਦੀ ਬਾਣੀ ਮਨੁੱਖ ਦੇ ਮਨ ਵਿਚ ਪਰਮਾਤਮਾ ਦਾ ਸਿਮਰਨ ਅਤੇ ਪਰਉਪਕਾਰ ਦੀ ਭਾਵਨਾ ਨਾਲ ਜੋੜਨ ਦਾ ਕਾਰਜ ਕਰਦੀ ਹੈ ਜਿਸ ਨੂੰ ਧਾਰਨ ਕਰਕੇ ਮਨੁੱਖ ਵਡੇਰੇ ਆਦਰਸ਼ਾਂ ਦੀ ਸਥਾਪਤੀ ਕਰਨ ਵਿਚ ਸਫਲਤਾ ਪ੍ਰਾਪਤ ਕਰ ਸਕਦਾ ਹੈ। ਜਦੋਂ ਗੁਰੂ ਜੀ ਕਹਿੰਦੇ ਹਨ ਕਿ 'ਜਨਮੁ ਪਾਇ ਕਛੁ ਭਲੋ ਨ ਕੀਨੋ ਤਾ ਤੇ ਅਧਿਕ ਡਰਉ॥' ਤਾਂ ਇਸ ਦਾ ਭਾਵ ਇਹ ਲਿਆ ਜਾਂਦਾ ਹੈ ਕਿ ਗੁਰੂ ਜੀ ਮਨੁੱਖ ਦਾ ਜਨਮ ਆਮ ਲੋਕਾਂ ਦੇ ਪਰਉਪਕਾਰ ਲਈ ਮੰਨਦੇ ਹਨ ਅਤੇ ਜਦੋਂ ਮਨੁੱਖ ਇਹ ਕਾਰਜ ਨਹੀਂ ਕਰਦਾ ਤਾਂ ਉਸ ਦਾ ਮਨ ਉਸ ਨੂੰ ਪਰਉਪਕਾਰ ਕਰਨ ਲਈ ਰੁਚਿਤ ਕਰਨ ਹਿਤ ਅਜਿਹਾ ਸੰਦੇਸ਼ ਦਿੰਦਾ ਹੈ। ਗੁਰੂ ਤੇਗ ਬਹਾਦਰ ਜੀ ਦਾ ਸਮੁੱਚਾ ਜੀਵਨ ਹੀ ਆਮ ਲੋਕਾਂ ਦੀ ਸੇਵਾ ਅਤੇ ਪਰਉਪਕਾਰ ਦੀ ਭਾਵਨਾ ਨਾਲ ਜੁੜਿਆ ਹੋਇਆ ਹੈ।ਜਦੋਂ ਗੁਰੂ ਜੀ ਪੂਰਬ ਵਿਖੇ ਪ੍ਰਚਾਰ ਕਰਨ ਲਈ ਜਾਂਦੇ ਹਨ ਤਾਂ ਉਹ ਲੋਕਾਈ ਨੂੰ ਧਰਮ ਦੇ ਮਾਰਗ 'ਤੇ ਦ੍ਰਿੜ ਕਰਨ ਦੇ ਨਾਲ-ਨਾਲ ਉਹਨਾਂ ਦੇ ਜੀਵਨ ਦੀਆਂ ਲੋੜਾਂ ਅਤੇ ਕਾਮਨਾਵਾਂ ਨੂੰ ਪੂਰੀਆਂ ਕਰਨ ਵਿਚ ਵੀ ਸਹਾਇਤਾ ਕਰਦੇ ਹਨ। ਮਾਲਵਾ ਦੇਸ਼ ਰਟਨ ਦੀ ਸਾਖੀ ਪੋਥੀ ਦਾ ਕਰਤਾ ਕਹਿੰਦਾ ਹੈ :

ਸ੍ਰੀ ਸਤਿਗੁਰੂ ਜੀ ਸਹਾਇ॥ ਗੁਰੂ ਤੇਗ ਬਹਾਦਰ ਸੰਸਾਰ ਸਾਗਰ ਕੇ ਤਾਰਬੇ ਕੋ ਰਮਤ ਕੀਆ। ਜੋ ਜੋ ਸਿਖ ਸਾਧੂ ਪ੍ਰੇਮੀ ਅਰਾਧਤੇ ਥੇ ਤਿਨ੍ਹਾਂ ਕੀ ਭਾਵਨੀ ਪੂਰੀ ਕਰਨੇ ਕੋ ਬਹਾਨਾ ਤੀਰਥਾਂ ਕਾ ਚਰਨ ਪਧਾਰੇ।

ਮੌਜੂਦਾ ਪੰਜਾਬ, ਹਰਿਆਣਾ, ਦਿੱਲੀ, ਉੱਤਰ ਪ੍ਰਦੇਸ਼, ਬਿਹਾਰ, ਬੰਗਾਲ, ਅਸਾਮ ਦੇ ਵਿਭਿੰਨ ਇਲਾਕਿਆਂ ਵਿਖੇ ਗੁਰਮਤਿ ਪ੍ਰਚਾਰ ਕਰਕੇ ਵਾਪਸ ਅਨੰਦਪੁਰ ਸਾਹਿਬ ਵਿਖੇ ਆਉਣ ਉਪਰੰਤ ਮਾਲਵਾ ਅਤੇ ਬਾਂਗਰ ਦੇ ਇਲਾਕੇ ਦੀ ਪ੍ਰਚਾਰ ਯਾਤਰਾ ਕਰਦੇ ਹੋਏ ਗੁਰੂ ਜੀ ਬਾਦਸ਼ਾਹ ਔਰੰਗਜ਼ੇਬ ਵੱਲੋਂ ਜਾਰੀ ਕੀਤੀ ਧਰਮ ਪਰਿਵਰਤਨ ਦੀ ਲਹਿਰ ਨੂੰ ਰੋਕਣ ਲਈ ਆਮ ਲੋਕਾਂ ਦੇ ਮਨ ਵਿਚ ਧਰਮ ਪ੍ਰਤੀ ਦ੍ਰਿੜਤਾ ਅਤੇ ਨਿਸ਼ਠਾ ਪ੍ਰਦਾਨ ਕਰਨ ਦਾ ਕਾਰਜ ਕਰਦੇ ਹਨ।ਮਾਲਵੇ ਦੇ ਇਲਾਕੇ ਦੀ ਪ੍ਰਚਾਰ ਯਾਤਰਾ ਦੌਰਾਨ ਬਹੁਤ ਸਾਰੇ ਲੋਕ ਗੁਰੂ ਜੀ ਦੇ ਦਰਸ਼ਨ ਕਰਨ ਲਈ ਆਉਂਦੇ ਸਨ।ਸੰਗਤ ਵਿਚ ਆਉਣ ਵਾਲੇ ਸਿੱਖਾਂ ਨੇ ਬਹੁਤ ਸਾਰੀ ਮਾਇਆ ਗੁਰੂ ਸਾਹਿਬ ਨੂੰ ਭੇਟ ਕਰਨੀ ਅਰੰਭ ਕਰ ਦਿੱਤੀ ਸੀ। ਇਸ ਦਾ ਵੱਡਾ ਕਾਰਨ ਇਹ ਮੰਨਿਆ ਜਾਂਦਾ ਹੈ ਕਿ ਗੁਰੂ ਜੀ ਲੰਮਾ ਸਮਾਂ ਪੂਰਬ ਦੇ ਇਲਾਕੇ ਵਿਖੇ ਪ੍ਰਚਾਰ ਕਰਦੇ ਰਹੇ ਸਨ ਅਤੇ ਉਹ ਗੁਰੂ ਜੀ ਨੂੰ ਭੇਟ ਕੀਤੀ ਜਾਣ ਵਾਲੀ ਦਸਵੰਧ ਦੀ ਮਾਇਆ ਸੰਭਾਲ ਕੇ ਰੱਖ ਲੈਂਦੇ ਸਨ।ਜਦੋਂ ਗੁਰੂ ਜੀ ਮਾਲਵੇ ਦੇ ਇਲਾਕੇ ਵਿਚ ਆਏ ਤਾਂ ਸੰਗਤ ਨੇ ਉਹ ਮਾਇਆ ਗੁਰੂ ਜੀ ਨੂੰ ਭੇਟ ਕਰਨੀ ਅਰੰਭ ਕਰ ਦਿੱਤੀ ਸੀ।ਗੁਰੂ ਜੀ ਜਿਸ ਵੀ ਪਿੰਡ ਵਿਚ ਜਾਂਦੇ ਸਨ, ਉਹਨਾਂ ਨੂੰ ਕੀਮਤੀ ਵਸਤਾਂ ਅਤੇ ਮਾਇਆ ਭੇਟ ਕੀਤੀ ਜਾਂਦੀ ਸੀ।

ਗੁਰੂ ਜੀ ਦੇ ਮਨ ਵਿਚ ਤਿਆਗ ਦੀ ਭਾਵਨਾ ਬਹੁਤ ਦ੍ਰਿੜ ਸੀ। ਉਹ ਭੇਟ ਹੋਣ ਵਾਲੀ ਮਾਇਆ ਨੂੰ ਪਰਉਪਕਾਰ ਲਈ ਖਰਚ ਕਰ ਦਿੰਦੇ ਸਨ ਅਤੇ ਵਸਤਾਂ ਲੋੜਵੰਦਾਂ ਨੂੰ ਵੰਡ ਦਿੰਦੇ ਸਨ।ਗੁਰੂ ਜੀ ਦੇ ਪਰਉਪਕਾਰੀ ਸੁਭਾਅ ਨੇ ਆਮ ਲੋਕਾਂ ਦੇ ਮਨ 'ਤੇ ਬਹੁਤ ਅਸਰ ਪਾਇਆ ਸੀ। ਪਿੰਡਾਂ ਦੇ ਚੌਧਰੀ ਅਤੇ ਇਲਾਕੇ ਵਿਚ ਧਾਰਮਿਕ ਬਿਰਤੀ ਵਾਲੇ ਮੁਸਲਮਾਨ ਉਹਨਾਂ ਨਾਲ ਬਹੁਤ ਸਨੇਹ ਰੱਖਣ ਲੱਗ ਪਏ ਸਨ।ਸ਼ਰਧਾ ਵੱਸ ਉਹ ਗੁਰੂ ਜੀ ਦੇ ਦਰਸ਼ਨ ਕਰਨ ਲਈ ਆਉਂਦੇ ਅਤੇ ਸਤਿਕਾਰ ਸਹਿਤ ਉਹਨਾਂ ਨੂੰ ਆਪਣੇ ਅਸਥਾਨ 'ਤੇ ਲੈ ਜਾਂਦੇ ਅਤੇ ਯਥਾਸ਼ਕਤ ਸੇਵਾ ਕਰਕੇ ਖੁਸ਼ੀ ਪ੍ਰਾਪਤ ਕਰਦੇ ਸਨ।ਮੁਸਲਮਾਨਾਂ ਦੀ ਬਹੁ-ਗਿਣਤੀ ਵਾਲੇ ਬਹੁਤ ਸਾਰੇ ਪਿੰਡਾਂ ਵਿਖੇ ਗੁਰੂ ਜੀ ਦੇ ਚਰਨ ਛੋਹ ਅਸਥਾਨ ਇਸ ਗੱਲ ਦੀ ਗਵਾਹੀ ਭਰਦੇ ਹਨ ਕਿ ਪਿੰਡਾਂ ਵਿਚ ਰਹਿਣ ਵਾਲੇ ਧਾਰਮਿਕ ਬਿਰਤੀ ਵਾਲੇ ਮੁਸਲਮਾਨ ਗੁਰੂ ਜੀ ਪ੍ਰਤੀ ਸ਼ਰਧਾ ਰੱਖਦੇ ਸਨ।

ਗੁਰੂ ਜੀ ਆਮ ਲੋਕਾਂ ਦੀ ਸਮਾਜਿਕ ਅਤੇ ਆਰਥਿਕ ਸਥਿਤੀ ਨੂੰ ਨੇੜਿਓਂ ਦੇਖਦੇ ਸਨ, ਜਿਹੜੇ ਦੁੱਖ ਵਿਚ ਹੁੰਦੇ ਉਹਨਾਂ ਦੇ ਦੁੱਖ ਦੂਰ ਕਰਨ ਦਾ ਯਤਨ ਕਰਦੇ।ਗੁਰੂ ਜੀ ਦੀਆਂ ਪ੍ਰਚਾਰ ਯਾਤਰਾਵਾਂ ਵਿਚੋਂ ਬਹੁਤ ਸਾਰੇ ਇਲਾਕਿਆਂ ਦੇ ਲੋਕ ਇਸ ਕਰਕੇ ਦੁਖੀ ਨਜ਼ਰ ਆਉਂਦੇ ਹਨ ਕਿ ਉਹਨਾਂ ਕੋਲ ਪੀਣ ਵਾਲਾ ਪਾਣੀ ਨਹੀਂ ਹੈ, ਜਿੱਥੇ ਪਾਣੀ ਹੈ ਉਹ ਵਰਤੋਂਯੋਗ ਨਹੀਂ ਹੈ।ਪਿੰਡਾਂ ਦੇ ਲੋਕ ਗੁਰੂ ਜੀ ਦੀ ਸੇਵਾ ਕਰਦੇ ਅਤੇ ਉਹਨਾਂ ਨੂੰ ਪਾਣੀ ਦਾ ਪ੍ਰਬੰਧ ਕਰਨ ਦੀ ਬੇਨਤੀ ਕਰਦੇ। ਜਦੋਂ ਗੁਰੂ ਜੀ ਕੋਲ ਅਜਿਹੀ ਫਰਿਆਦ ਆਉਂਦੀ ਤਾਂ ਉਹ ਦੇਖਦੇ ਸਨ ਕਿ ਇਸ ਸਮੱਸਿਆ ਦਾ ਕੀ ਹੱਲ ਕੀਤਾ ਜਾ ਸਕਦਾ ਹੈ। ਹਰ ਇਕ ਇਲਾਕੇ ਵਿਚ ਪਾਣੀ ਦੀ ਵੱਖੋ-ਵੱਖਰੀ ਸਮੱਸਿਆ ਸੀ।

ਜਿੱਥੇ ਲੋਕ ਛੱਪੜਾਂ ਨੂੰ ਸਾਫ਼ ਰੱਖਣ ਦਾ ਯਤਨ ਨਹੀਂ ਕਰਦੇ, ਉੱਥੇ ਪਾਣੀ ਦੀ ਵਰਤੋਂ ਕਰਨ ਨਾਲ ਬੀਮਾਰੀਆਂ ਫੈਲ ਜਾਂਦੀਆਂ ਸਨ।

ਪਾਣੀ ਨਾਲ ਬੀਮਾਰੀ ਫੈਲਣ ਦੇ ਡਰ ਤੋਂ ਲੋਕ ਇਸ਼ਨਾਨ ਕਰਨ ਤੋਂ ਪਰਹੇਜ਼ ਕਰਦੇ, ਜਿਸ ਕਰਕੇ ਚਮੜੀ ਦੇ ਰੋਗ ਪੈਦਾ ਹੋ ਜਾਂਦੇ ਸਨ। ਜਿਹੜੇ ਇਲਾਕਿਆਂ ਵਿਚ ਛੱਪੜਾਂ ਦਾ ਪਾਣੀ ਗੰਧਲਾ ਹੋਣ ਦੀ ਸਮੱਸਿਆ ਨਜ਼ਰ ਆਈ, ਉੱਥੇ ਪਹਿਲਾਂ ਗੁਰੂ ਜੀ ਨੇ ਆਪ ਛੱਪੜ ਵਿਚ ਵੜ ਕੇ ਉਸ ਦੀ ਸਫਾਈ ਦਾ ਕਾਰਜ ਅਰੰਭ ਕੀਤਾ ਅਤੇ ਫਿਰ ਲੋਕਾਂ ਨੂੰ ਸਮਝਾਇਆ ਕਿ ਇਸ ਵਿਚ ਪਸ਼ੂ ਨਹੀਂ ਵਾੜਨੇ ਅਤੇ ਚਮੜਾ ਨਹੀਂ ਰੰਗਣਾ। ਇਸ ਨੂੰ ਸ਼ੁੱਧ ਰੱਖ ਕੇ ਇਸ ਦੇ ਪਾਣੀ ਨਾਲ ਰੋਜ਼ਾਨਾ ਇਸ਼ਨਾਨ ਕਰਨ ਨਾਲ ਸਰੀਰ ਦੇ ਰੋਗ ਦੂਰ ਹੋ ਜਾਣਗੇ।

ਜਿਸ ਛੱਪੜ ਦੇ ਕਿਨਾਰੇ ਗੁਰੂ ਜੀ ਨੇ ਡੇਰਾ ਕੀਤਾ ਜਾਂ ਉੱਥੇ ਕੋਈ ਬਚਨ ਉਚਾਰਿਆ, ਉਹ ਛੱਪੜ ਪੂਜਾ ਅਸਥਾਨ ਬਣ ਗਏ ਅਤੇ ਮੌਜੂਦਾ ਸਮੇਂ ਵਿਚ ਉਹ ਛੱਪੜ ਸਰੋਵਰਾਂ ਦਾ ਰੂਪ ਧਾਰਨ ਕਰ ਗਏ ਹਨ।ਹਰਿਆਣਾ ਅਤੇ ਉੱਤਰ ਪ੍ਰਦੇਸ਼ ਦੇ ਕੁੱਝ ਨਗਰਾਂ ਵਿਚ ਹਾਲੇ ਵੀ ਪੁਰਾਣੇ ਛੱਪੜ ਦਿਖਾਈ ਦਿੰਦੇ ਹਨ।

ਛੱਪੜਾਂ ਤੋਂ ਇਲਾਵਾ ਪਿੰਡਾਂ ਵਿਚ ਖੂਹ ਵੀ ਮੌਜੂਦ ਸਨ ਜਿਨ੍ਹਾਂ ਦਾ ਪਾਣੀ ਖਾਰਾ ਸੀ ਅਤੇ ਜਿਸ ਨੂੰ ਪੀਣ ਨਾਲ ਪੇਟ ਦੀਆਂ ਬੀਮਾਰੀਆਂ ਪੈਦਾ ਹੋ ਜਾਂਦੀਆਂ ਸਨ। ਮਨੁੱਖਾਂ ਅਤੇ ਪਸ਼ੂਆਂ ਲਈ ਪੀਣ ਵਾਲੇ ਸਾਫ਼ ਪਾਣੀ ਦੀ ਬਹੁਤ ਕਿੱਲਤ ਸੀ।ਗੁਰੂ ਜੀ ਦੁਆਰਾ ਦੋ ਤਰ੍ਹਾਂ ਦੇ ਖੂਹ ਤਿਆਰ ਕਰਵਾਉਣ ਦਾ ਜ਼ਿਕਰ ਉਹਨਾਂ ਦੇ ਚਰਨ ਛੋਹ ਅਸਥਾਨਾਂ 'ਤੇ ਦੇਖਣ ਨੂੰ ਮਿਲਦਾ ਹੈ। ਇਕ ਤਾਂ ਗੁਰੂ ਜੀ ਨੇ ਖਾਰੇ ਖੂਹ ਮਿੱਠੇ ਕੀਤੇ ਸਨ ਅਤੇ ਦੂਜਾ ਜਿੱਥੇ ਲੋੜ ਸਮਝੀ, ਸੰਗਤ ਦੁਆਰਾ ਭੇਟ ਕੀਤੀ ਮਾਇਆ ਕਿਸੇ ਮੁਖੀ ਸੱਜਣ ਨੂੰ ਦੇ ਕੇ ਖੂਹ ਲਵਾਉਣ ਦਾ ਆਦੇਸ਼ ਕਰ ਦਿੱਤਾ ਸੀ। ਗੁਰੂ ਜੀ ਦੀਆਂ ਪ੍ਰਚਾਰ ਯਾਤਰਾਵਾਂ ਦੌਰਾਨ ਉਹਨਾਂ ਵੱਲੋਂ ਲਵਾਏ ਜਾਂ ਮਿੱਠੇ ਕੀਤੇ ਗਏ ਖੂਹ ਭਾਰਤ ਦੇ ਵਿਭਿੰਨ ਭਾਗਾਂ ਵਿਚ ਦੇਖੇ ਜਾ ਸਕਦੇ ਹਨ।

ਨਸ਼ਿਆਂ ਤੋਂ ਦੂਰ ਰਹਿਣ ਲਈ ਆਮ ਲੋਕਾਂ ਨੂੰ ਸੁਚੇਤ ਕਰਨਾ ਗੁਰੂ ਜੀ ਦਾ ਇਕ ਅਜਿਹਾ ਪਰਉਪਕਾਰੀ ਕਾਰਜ ਸੀ ਜਿਸ ਨੇ ਘਰਾਂ ਨੂੰ ਤਬਾਹ ਹੋਣ, ਲੋਕਾਂ ਨੂੰ ਈਰਖਾ-ਦਵੈਖ ਤੋਂ ਬਚਾਉਣ ਅਤੇ ਸਿਹਤਮੰਦ ਸਮਾਜ ਦੀ ਸਿਰਜਣਾ ਕਰਨ ਵਿਚ ਮਹੱਤਵਪੂਰਨ ਭੂਮਿਕਾ ਨਿਭਾਈ ਸੀ। ਗੁਰੂ ਜੀ ਦੇ ਸਮੇਂ ਤੰਮਾਕੂ ਇਕ ਅਜਿਹਾ ਨਸ਼ਾ ਸੀ ਜਿਹੜਾ ਕਿ ਮੁਗ਼ਲ ਕਾਲ ਦੇ ਸਮੇਂ ਪੁਰਤਗਾਲ ਤੋਂ ਭਾਰਤ ਵਿਚ ਆਇਆ ਮੰਨਿਆ ਜਾਂਦਾ ਹੈ ਅਤੇ ਇਹ ਬਹੁਤ ਤੇਜੀ ਨਾਲ ਆਮ ਲੋਕਾਂ ਵਿਚ ਫੈਲ ਗਿਆ ਸੀ। ਅਕਬਰ ਦੇ ਸਮੇਂ ਇਹ ਬਹੁਤ ਤੇਜੀ ਨਾਲ ਫੈਲਿਆ ਸੀ ਅਤੇ ਜਹਾਂਗੀਰ ਨੇ ਇਸ ਦੇ ਦੁਰਪ੍ਰਭਾਵ ਨੂੰ ਦੇਖਦੇ ਹੋਏ ਸਖਤ ਫੁਰਮਾਨ ਜਾਰੀ ਕੀਤੇ ਸਨ।ਲਾਹੌਰ ਵਿਚ ਬਾਦਸ਼ਾਹ ਜਹਾਂਗੀਰ ਦੇ ਹੁਕਮ ਦੀ ਉਲੰਘਣਾ ਕਰਕੇ ਤੰਮਾਕੂ ਪੀਣ ਵਾਲਿਆਂ ਦੇ ਬੁੱਲ੍ਹ ਵੀ ਵੱਢ ਦਿੱਤੇ ਗਏ ਸਨ ਪਰ ਪੱਥਰ ਵਿਚ ਲੋਹੇ ਦੀ ਮੇਖ ਨਾ ਗੱਡ ਸਕਣ ਵਾਂਗ ਇਸ ਦਾ ਪ੍ਰਭਾਵ ਖਤਮ ਨਹੀਂ ਕੀਤਾ ਜਾ ਸਕਿਆ ਸੀ।

ਗੁਰੂ ਤੇਗ ਬਹਾਦਰ ਜੀ ਨੇ ਇਸ ਦਿਸ਼ਾ ਵਿਚ ਵਿਸ਼ੇਸ਼ ਯਤਨ ਕੀਤੇ ਸਨ।ਮਾਲਵੇ ਅਤੇ ਬਾਂਗਰ ਦੇ ਇਲਾਕੇ ਵਿਚ ਅਜਿਹੇ ਕਈ ਗੁਰਧਾਮ ਦੇਖਣ ਨੂੰ ਮਿਲ ਜਾਂਦੇ ਹਨ ਜਿੱਥੇ ਗੁਰੂ ਜੀ ਨੇ ਆਮ ਲੋਕਾਂ ਨੂੰ ਤੰਮਾਕੂ ਦੇ ਸੇਵਨ ਤੋਂ ਦੂਰ ਰਹਿਣ ਦੀ ਪ੍ਰੇਰਨਾ ਪੈਦਾ ਕੀਤੀ ਸੀ। ਗੁਰੂ ਜੀ ਦੀ ਇਸ ਸਿੱਖਿਆ ਦਾ ਪ੍ਰਭਾਵ ਹਾਲੇ ਤੱਕ ਸਿੱਖ ਸਮਾਜ ਵਿਚ ਨਜ਼ਰ ਆਉਂਦਾ ਹੈ।ਉਹ ਜਿੱਥੇ ਵੀ ਗਏ ਹਨ ਤੰਮਾਕੂ ਤੋਂ ਦੂਰੀ ਬਣਾਈ ਰੱਖੀ ਹੈ।

ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਸਮੁੱਚਾ ਜੀਵਨ ਅਤੇ ਸਿੱਖਿਆਵਾਂ ਮਨੁੱਖੀ ਕਦਰਾਂ-ਕੀਮਤਾਂ ਦੀ ਪਛਾਣ ਅਤੇ ਪਰਉਪਕਾਰ ਦੀ ਭਾਵਨਾ ਪੈਦਾ ਕਰਨ ਦਾ ਸੰਦੇਸ਼ ਪ੍ਰਦਾਨ ਕਰਦੀਆਂ ਹਨ। ਗੁਰੂ ਜੀ ਦਾ ਜੀਵਨ ਅਤੇ ਸੰਦੇਸ਼ ਸਮਾਜ ਵਿਚ ਮੌਜੂਦ ਬਹੁ-ਕੌਮੀ, ਬਹੁ-ਧਰਮੀ, ਬਹੁ-ਭਾਸ਼ਾਈ ਅਤੇ ਬਹੁ-ਸੱਭਿਆਚਰਕ ਭਾਵਨਾ ਨੂੰ ਸਮਝਣ ਅਤੇ ਸਭਨਾਂ ਨੂੰ ਨਾਲ ਲੈ ਕੇ ਅੱਗੇ ਵਧਣ ਦੀ ਭਾਵਨਾ ਪੈਦਾ ਕਰਦਾ ਹੈ। ਗੁਰੂ ਜੀ ਦੁਆਰਾ ਸਮੁੱਚੀ ਲੋਕਾਈ ਨੂੰ ਨਾਲ ਲੈ ਕੇ ਚੱਲਣ ਦੀ ਸਿੱਖਿਆ ਅਤੇ ਸੰਦੇਸ਼ ਦਾ ਪ੍ਰਗਟਾਵਾ ਕਰਦੇ ਹੋਏ ਰਤਨ ਸਿੰਘ ਭੰਗੂ ਕਹਿੰਦਾ ਹੈ:

ਚਲੀ ਕਹਾਵਤ ਸਭ ਜਗੈ ਯਹ ਸਾਚੋ ਅਵਤਾਰ।
ਸਰਨੀ ਆਵੈ ਜੋ ਉਸੈ ਸੋਊ ਉਤਰੈ ਪਾਰ।

ਗੁਰੂ ਤੇਗ ਬਹਾਦਰ ਜੀ ਨੂੰ ਦਿਨ ਵਿਚ ਦੋ ਵੇਲੇ ਕੀਤੀ ਜਾਣ ਵਾਲੀ ਅਰਦਾਸ ਵਿਚ ਯਾਦ ਕਰਨ ਨਾਲ ਉਹਨਾਂ ਦੀਆਂ ਸਿੱਖਿਆਵਾਂ ਨੂੰ ਜੀਵਨ ਵਿਚ ਧਾਰਨ ਕਰਨ ਅਤੇ ਪਰਉਪਕਾਰ ਦੇ ਮਾਰਗ 'ਤੇ ਚੱਲਣ ਦੀ ਪ੍ਰੇਰਨਾ ਪੈਦਾ ਹੁੰਦੀ ਹੈ ਜਿਹੜੀ ਕਿ ਸੁਚੱਜੀ ਜੀਵਨਜਾਚ ਅਤੇ ਆਦਰਸ਼ ਸਮਾਜ ਦੀ ਸਿਰਜਣਾ ਵਿਚ ਸਹਾਈ ਹੈ।

**ਡਾ. ਪਰਮਵੀਰ ਸਿੰਘ**
**ਸਿੱਖ ਵਿਸ਼ਵਕੋਸ਼ ਵਿਭਾਗ**
**ਪੰਜਾਬੀ ਯੂਨੀਵਰਸਿਟੀ, ਪਟਿਆਲਾ**

# ਸਾਹਿਬ ਗੁਰੂ ਗੋਬਿੰਦ ਸਿੰਘ ਜੀ ਦੀ ਨੁਹਾਰ ਤੇ ਸ਼ਖ਼ਸੀਅਤ

ਮਹਿਰੌਲੀ ਨੇੜੇ ਇਕ ਮਸੀਤ ਦੀ ਮਹਿਰਾਬ 'ਤੇ ਹਜ਼ਰਤ ਮੁਹੰਮਦ ਸਾਹਿਬ ਦਾ ਮੁਹਾਂਦਰਾ ਤੇ ਨੈਨ ਨਕਸ਼ ਕਿਸੇ ਅੰਕਿਤ ਕੀਤੇ ਹੋਏ ਹਨ। ਪਰ ਵੱਡੀ ਹੈਰਾਨੀ ਇਹ ਹੈ ਕਿ ਪਹਿਲਾਂ ਬਿਸਮ-ਅਲਾਹ ਤਕ ਨਹੀਂ ਲਿਖਿਆ। ਇੰਜ ਲਗਦਾ ਹੈ ਕਿ ਕਿਸੇ ਯਾਦਦਾਸ਼ਤ ਲਈ ਉਕਰਿਆ ਤਾਂ ਕਿ ਮੁਹੰਮਦ ਸਾਹਿਬ ਦੀ ਸੂਰਤ ਸਾਂਭੀ ਰਵੇ ।ਉਥੇ ਨੈਨ ਨਕਸ਼ ਇਸ ਤਰ੍ਹਾਂ ਦਰਸਾਏ ਹਨ : ਹਜ਼ਰਤ ਮੁਸਤਫ਼ਾ ਦਾ ਰੰਗ ਗੰਦਮੀ ਹੈ, ਚੌੜਾ ਮੱਥਾ ਹੈ। ਭਰਵੱਟੇ ਹਲਕੇ ਤੇ ਪਲਕਾਂ ਚੌੜੀਆਂ ਹਨ. ਜੁੱਸਾ ਮਜ਼ਬੂਤ, ਤਿੱਖਾ ਨੱਕ, ਕਾਲੀਆਂ ਚਮਕਦਾਰ ਅੱਖਾਂ, ਸਲੂਣੀ ਤੱਕਣੀ, ਲੰਮਾ ਦਾਹੜਾ, ਦੰਦਾਂ ਦਾ ਬੀੜ ਮੋਤੀਆਂ ਵਰਗਾ, ਲੰਮੀਆਂ ਬਾਹਵਾਂ ਜੋ ਗੋਡਿਆਂ ਤਕ ਜਾ ਪੁਜਦੀਆਂ ਹਨ. ਉਂਗਲੀਆਂ ਦੇ ਪੋਟੇ ਪਤਲੇ, ਜਿਸਮ 'ਤੇ ਕੋਈ ਵਾਲ ਨਹੀਂ, ਸਿਰਫ਼ ਛਾਤੀ ਤੇ ਪੇਟ ਵਿਚਕਾਰ ਹਨ।

ਉਸੇ ਵੇਲੇ ਮੈਨੂੰ ਖ਼ਿਆਲ ਆਇਆ ਕਿ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੀ ਸ਼ਖ਼ਸੀਅਤ ਬਾਰੇ ਤਾਂ ਸਾਧੂ ਟੀ. ਐਲ. ਵਾਸਵਾਨੀ ਤੋਂ ਅੱਛਾ ਬਿਆਨ ਕਰਨਾ ਮੁਸ਼ਕਿਲ ਹੈ ਜਿਸ ਲਿਖਿਆ: ਗੁਰੂ ਗੋਬਿੰਦ ਸਿੰਘ ਜੀ ਦੀ ਸ਼ਖ਼ਸੀਅਤ ਸਤਰੰਗੀ ਪੀਂਘ ਸਮਾਨ ਹੈ।ਉਨ੍ਹਾਂ ਵਿਚੋਂ ਇਕੋ ਵੇਲੇ ਗੁਰੂ ਨਾਨਕ ਦੇਵ ਜੀ ਦੀ ਮਿਠਤ ਨੀਵੀਂ (ਹਨੀਡ ਹਯੂਮਿਲਿਟੀ), ਈਸਾ ਜੀ ਵਾਲੀ ਤਰਸ ਭਰੀ ਤੱਕਣੀ (ਲੈਂਬ ਲਾਈਕ ਵਰਚਯੂ), ਬੁੱਧ ਜੀ ਵਾਲਾ ਆਤਮ ਗਯਾਨ (ਵਿਜ਼ਡਮ), ਹਜ਼ਰਤ ਮੁਹੰਮਦ ਸਾਹਿਬ ਵਾਲਾ ਡੁੱਲ੍ਹ-ਡੁੱਲ੍ਹ ਪੈਂਦਾ ਜੋਸ਼ (ਬਬਲਿੰਗ ਐਨਰਜੀ), ਕ੍ਰਿਸ਼ਨ ਜੀ ਵਾਲਾ ਸੂਰਜਵਤ ਭਖਦਾ ਜਲੋ (ਸਨ ਕਿਸਡ ਗਲੋਰੀ), ਰਾਮ ਜੀ ਵਾਂਗ ਮਰਯਾਦਾ ਪ੍ਰਸ਼ੋਤਮ ਤੇ ਸ਼ਾਹਾਂ ਵਾਲੀ ਸ਼ਾਨ ਦੇਖੀ ਜਾ ਸਕਦੀ ਹੈ।ਸੱਚੀ ਗੱਲ ਇਹ ਹੈ ਕਿ ਉਹ ਗੁਰੂ ਨਾਨਕ ਦੇਵ ਜੀ ਦੀ ਗੱਦੀ 'ਤੇ ਬੈਠੇ 'ਜੋਤਿ ਰੂਪ ਹਰਿ ਆਪ', ਜੰਗ ਵਿਚ ਨਿਰਭੈ ਯੋਧੇ, ਤਖ਼ਤ 'ਤੇ ਬੈਠੇ ਸੱਚੇ ਪਾਤਸ਼ਾਹ ਤੇ ਸੰਗਤਾਂ ਵਿਚ ਵਿਚਰਦੇ ਇਕ ਦਰਵੇਸ਼ ਲੱਗਦੇ ਸਨ।ਪਰ ਚਿਤ ਸੁਭਾਵਕ ਪੁੱਛਦਾ ਹੈ ਕਿ ਐਸੇ ਸਾਹਿਬ-ਏ-ਕਮਾਲ ਦੀ ਨੁਹਾਰ ਕੀ ਸੀ ਜਿਸ ਦੀ ਮਿਕਨਾਤੀਸੀ ਕਸ਼ਿਸ਼ ਹਰ ਇਕ ਨੂੰ ਆਪਣੇ ਵੱਲ ਖਿੱਚੀ ਟੁਰੀ ਜਾਂਦੀ ਸੀ।ਮੇਰਾ ਖ਼ਿਆਲ ਹੈ ਕਿ ਮਹਾਂਕਵੀ ਸੰਤੋਖ ਸਿੰਘ ਨੇ ਗੁਰੂ ਗੋਬਿੰਦ ਸਿੰਘ ਜੀ ਦੀ ਨੁਹਾਰ ਜੋ ਸੂਰਜ ਪ੍ਰਕਾਸ਼ ਦੀ ਰਾਸ ਪਹਿਲੀ ਤੇ ਅੰਸ਼ੂ ਉਨੀਵੀਂ ਵਿਚ ਦਿੱਤੀ ਹੈ ਉਹ ਬਹੁਤ ਹਦ ਤਕ ਢੁੱਕਵੀਂ ਹੈ :

ਸੂਰਜ ਪ੍ਰਕਾਸ਼ ਦਾ ਕਹਿਣਾ ਹੈ ਕਿ ਦਸਮ ਪਿਤਾ ਦਾ ਸਰੀਰ ਗਠਵਾਂ ਚਰਨ ਲਾਲ ਪੱਕੇ, ਪੈਰਾ ਦੀ ਪਿੱਠ ਉੱਚੀ ਪਰ ਕੋਮਲ।
ਤਲੀਆਂ ਨੀਵੀਆਂ : ਉਂਗਲੀਆਂ ਮਿਲੀਆਂ ਹੋਈਆਂ
'ਤਰੁਣਾ ਬਿਰਛ ਤੇ ਉਰਧ ਐਸੇ।ਕਮਰ ਪੀਠ ਹੋਇ ਕੋਮਲ ਜੈਸੇ'।
ਗਿੱਟੇ ਗੋਡੇ ਮਜ਼ਬੂਤ ਤ੍ਰੈ ਵਲਾਂ ਵਾਲਾ ਪੇਟ
ਬਾਹਵਾਂ ਲੰਮੀਆਂ ਪਰ ਸਿੱਧੀਆਂ,
ਡੋਲੇ ਬਜਰ, ਛਾਤੀ ਚੌੜੀ ਪਰ ਤਕੜੀ
ਮੋਢੇ ਉੱਚੇ ਪਰ ਬਹੁਤ ਸੁੰਦਰ
ਠੋਡੀ, ਨਵੇਂ ਅੰਬ ਵਾਂਗ
ਦੰਦ ਗੁਲੀਆਂ ਦੇ ਡੱਬੇ ਵਿਚ ਫੁੱਲਾਂ ਦੀਆਂ ਕਲੀਆਂ ਭਾਸਦੇ ਹਨ।
ਗੱਲ੍ਹਾਂ ਇਤਨੀਆਂ ਖੂਬਸੂਰਤ ਹਨ ਕਿ ਕਾਮਦੇਵ ਦੇ ਸ਼ੀਸ਼ੇ ਭਾਸਦੇ ਹਨ।

ਮੁੱਖੜਾ ਪੂਰਨਮਾਸ਼ੀ ਵਾਂਗ ਚਮਕਦਾ ਹੈ ਪਰ ਇਸ ਵਿਚ ਵਾਧਾ ਹੈ ਕਿ ਇਹ ਚੰਨ ਵਾਂਗੂੰ ਵਧਦਾ ਘਟਦਾ ਨਹੀਂ। ਇਕ ਰਸ ਚਾਨਣ ਖਿਲੇਰਦਾ ਰਹਿੰਦਾ ਹੈ। ਦੇਖਣ ਵਾਲੇ ਨੂੰ ਠੰਢਕ ਮਿਲਦੀ ਹੈ। ਬੋਲਦੇ ਹਨ ਤਾਂ ਇੰਝ ਮਹਿਸੂਸ ਹੁੰਦਾ ਹੈ ਕਿ ਜਿਵੇਂ ਹਿਰਦੇ ਥਲ ਤੇ ਲਗਾਤਾਰ ਕਣੀਆਂ ਪੈ ਰਹੀਆਂ ਹੋਣ।ਸਖ਼ਤ ਧਰਤੀ 'ਤੇ ਜਦ ਬੱਦਲ ਪੈਂਦਾ ਹੈ ਤੇ ਜੋ ਧੁਨੀ ਨਿਕਲਦੀ ਹੈ, ਉਹ ਆਵਾਜ਼ ਬੋਲਾਂ ਦੀ ਹੈ। (ਮਧੁਰ ਘਨ ਧੁਨਿ ਸ਼ੁਭ ਬਾਨੀ) ਹਰ ਸ਼ਬਦ ਆਪ ਜੀ ਦਾ ਗੰਭੀਰ ਹੁੰਦਾ ਹੈ।ਅੱਖੀਆਂ ਵੱਡੀਆਂ, ਜਿਨ੍ਹਾਂ ਦੀ ਤੱਕਣੀ ਤਿੱਖੀ ਹੈ ਪਰ ਕਰੁਣਾ ਭਰੀ। 'ਕਰੁਣਾ ਭਰੇ ਕਟਾਛ ਛਬੀਲੇ । ਅੱਖਾਂ ਘੁੰਮਦੀਆਂ ਇਤਨੀਆਂ ਸੁਹਣੀਆਂ ਲੱਗਦੀਆਂ ਹਨ ਜਿਵੇਂ ਮੱਛੀਆਂ ਜਲ ਵਿਚ ਅਠਖੇਲੀਆਂ ਕਰਦੀਆਂ ਹੋਣ। ਜਿਸ ਪਾਸੇ ਗੁਰੂ ਜੀ ਦ੍ਰਿਸ਼ਟੀ ਪਾਂਦੇ ਹਨ ਉਹ ਉਸੇ ਦਾ ਹੋ ਜਾਂਦਾ ਹੈ।




ਭਰਵੱਟੇ ਕਮਾਨ ਵਾਂਗ ਹਨ ਤੇ ਪਲਕਾਂ ਦਾ ਖੁਲ੍ਹਣਾ ਬੰਦ ਹੋਣਾ ਵਜਦ ਤਾਰੀ ਕਰ ਦੇਂਦਾ ਹੈ। ਸੁੰਦਰ ਕਾਲੇ ਕੇਸਾਂ ਤੇ ਦਸਤਾਰ ਖੂਬ ਸਜ ਰਹੀ ਹੈ :

'ਮੇਚਕ ਚਿਕਨ, ਕੇਸ਼ ਅਸ਼ੇਸ਼।
ਸਿਰ ਉਸਨੀਕ (ਦਸਤਾਰ) ਸੁਹਾਇ ਆਸ਼ੇਸ਼।'

ਉੱਪਰ ਕਲਗੀ ਚਮਕ ਰਹੀ ਹੈ।ਜਿਸ ਵੱਲ ਅੱਖੀਆਂ ਭਰ ਕੇ ਕੋਈ ਦੇਖ ਹੀ ਨਹੀਂ ਸਕਦਾ।ਜਦ ਤਖ਼ਤ 'ਤੇ ਆ ਬਿਰਾਜਦੇ ਹਨ ਤਾਂ ਸਾਰੀ ਸੰਗਤ ਵਿਚ ਆਤਮਿਕ ਰੌ ਦੌੜਨ ਲੱਗ ਪੈਂਦੀ ਹੈ। ਇਹ ਹੀ ਕਹਿਣਾ ਫੱਬਦਾ ਹੈ ਜੋ ਅੰਮ੍ਰਿਤਰਾਇ ਨੇ ਕਿਹਾ ਸੀ ਕਿ:

ਉਨ੍ਹਾਂ ਦੀ ਸ਼ਖਸੀਅਤ ਵਿਚੋਂ ਨੌਂ ਰਸ ਝਰਦੇ ਹਨ, ਬਿਲਕੁਲ ਠੀਕ ਹੈ।ਜੋ ਦੁਸ਼ਟ ਦਮਨ ਨੇ ਪ੍ਰਭੂ-ਪ੍ਰੇਮ ਵਿਚ ਸੁਰਤਿ ਚੁਭੋ ਰੱਖੀ ਹੈ ਉਹ ਸ਼ਿੰਗਾਰ ਰਸ ਹੀ ਹੈ।ਗਧੇ ਦੇ ਜਿਸਮ ਤੇ ਸ਼ੇਰ ਦੀ ਖੱਲ ਪਾ ਕੇ ਸਾਨੂੰ ਹਸਾਉਂਦੇ ਜ਼ਰੂਰ ਹਨ ਪਰ ਕੇਵਲ ਇਸ ਲਈ ਕਿ ਸਿੰਘ ਦਾ ਬਾਣਾ ਪਾ ਕਦੇ ਕਾਇਰ ਨ ਹੋਈਏ ਤਾਂ ਕਿ ਲੋਕ ਹਾਸੀ ਨਾ ਕਰਨ। ਦੁੱਖ ਕਿਸੇ ਦਾ ਉਨ੍ਹਾਂ ਪਾਸੋਂ ਸਹਾਰਿਆ ਨਹੀਂ ਜਾਂਦਾ। 'ਕਰੁਣਾ' ਦੀ ਉਹ ਮੂਰਤ ਹਨ। ਜਦ ਇਕੱਲੇ ਹੀ ਭਗਉਤੀ ਲੈ ਜੰਗ ਵਿਚ ਜੂਝਦੇ ਹਨ ਤਾਂ ਰੌਦਰ ਦੀ ਮੂਰਤ ਹੀ ਲੱਗਦੇ ਹਨ।

ਕਾਇਰਾਂ ਨੂੰ ਸ਼ੇਰ ਬਣਾਉਣ ਦੀ ਉਨ੍ਹਾਂ ਵਿਚ 'ਬੀਰ ਰਸੀ' ਸ਼ਕਤੀ ਹੈ। ਜਦ ਰਣਜੀਤ ਨਗਾਰਾ ਵਜਾਂਦੇ ਹਨ ਤਾਂ ਸਭ 'ਭਿਆਨ' ਰਸ ਨਾਲ ਭਰ ਜਾਂਦੇ ਹਨ।ਹਰ ਕੋਈ 'ਤ੍ਰਾਹ-ਤ੍ਰਾਹ' ਕਰਨ ਲੱਗ ਪੈਂਦਾ ਹੈ।ਉਨ੍ਹਾਂ ਦਾ ਸੱਜੇ-ਖੱਬੇ ਹੱਥਾਂ ਨਾਲ ਇਕੋ ਵੇਲੇ ਤੀਰ ਛੱਡਣਾ 'ਭੀਪਤਸ' ਰਸ ਪੈਦਾ ਕਰਦਾ ਹੈ।ਉਨ੍ਹਾਂ ਲਾਹੌਰ ਤੋਂ ਦਇਆ, ਦਿੱਲੀ ਤੋਂ ਧਰਮ, ਪੁਰੀ ਤੋਂ ਹਿੰਮਤ, ਦਵਾਰਕਾ ਤੋਂ ਮੁਹਕਮ ਤੇ ਬਿਦਰ ਤੋਂ ਸਾਹਿਬ ਉਠਾ ਕੇ 'ਅਦਭੁਤ' ਕਾਰਜ ਹੀ ਨਿਭਾਇਆ ਹੈ। ਫਿਰ ਉਨ੍ਹਾਂ ਵਿਚ ਸੀਤਲਤਾ ਤੇ ਅਡੋਲਤਾ ਹੈ।'ਸ਼ਾਂਤ ਰਸ' ਹਰ ਰੰਗ ਵਿਚ ਸਮਾਇਆ ਹੈ।ਧੰਨ ਹਨ ਕਲਗੀਆਂ ਵਾਲੇ ਕਿ ਪਿਤਾ ਗੁਰੂ ਤੇਗ਼ ਬਹਾਦਰ ਜੀ ਦਾ ਸ਼ਹੀਦ ਹੋਆ ਸੀਸ ਅਨੰਦਪੁਰ ਪੁੱਜਾ ਤਾਂ ਉਹ ਸ਼ਾਂਤ। ਫਿਰ ਵੱਡੇ ਸਾਹਿਬਜ਼ਾਦਿਆਂ ਦੀਆਂ ਲੋਥਾਂ ਚਮਕੌਰ ਦੀ ਗੜ੍ਹੀ ਸਾਹਮਣੇ ਗਿਰੀਆਂ ਪਰ ਉਹ ਅਡੋਲ ਚਿੱਤ ਅਤੇ ਉਨ੍ਹਾਂ ਤੇ ਖੰਜਰ ਨਾਲ ਜਮਸ਼ੇਦ ਖ਼ਾਨ ਨੇ ਹਮਲਾ ਕਰ ਮਾਰੂ ਵਾਰ ਕੀਤਾ ਤਾਂ ਵੀ ਸ਼ਾਂਤ ਚਿੱਤ।

'ਵਾਹੁ ਵਾਹੁ ਗੁਰੂ ਗੋਬਿੰਦ ਸਿੰਘ।'

**ਪ੍ਰਿੰ. ਸਤਿਬੀਰ ਸਿੰਘ**

# ਦਸਮੇਸ਼ ਬਾਣੀ 'ਚ ਸ਼ਸਤਰ ਮਹਿਮਾ

ਅਸ ਕ੍ਰਿਪਾਨ ਖੰਡੋ ਖੜਗ ਤੁਪਕ ਤਬਰ ਅਰੁ ਤੀਰ ॥
ਸੈਫ ਸਰੋਹੀ ਸੈਹਥੀ ਯਹੈ ਹਮਾਰੈ ਪੀਰ ॥
ਤੀਰ ਤੁਹੀ ਸੈਹਥੀ ਤੁਹੀ
ਤੁਹੀ ਤਬਰ ਤਲਵਾਰ ॥
ਨਾਮ ਤਿਹਾਰੋ ਜੋ ਜਪੈ ਭਏ ਸਿੰਧ ਭਵ ਪਾਰ ॥
ਕਾਲ ਤੁਹੀ ਕਾਲੀ ਤੁਹੀ
ਤੁਹੀ ਤੇਗ ਅਰੁ ਤੀਰ ॥
ਤੁਹੀ ਨਿਸਾਨੀ ਜੀਤ ਕੀ ਆਜੁ ਤੁਹੀ ਜਗ ਬੀਰ ॥
(ਸ਼ਸਤ੍ਰਨਾਮ ਮਾਲਾ)

ਕਲਗੀਧਰ ਪਾਤਸ਼ਾਹ ਜੀ ਦੀ ਮਹਾਨ ਸਿਰਜਣਾ 'ਖ਼ਾਲਸਾ' ਸੰਤ-ਸਿਪਾਹੀ, ਭਗਤੀ ਤੇ ਸ਼ਕਤੀ ਦਾ ਸੁਮੇਲ ਹੈ। ਇਕ ਅਕਾਲ ਦੀ ਕੀਰਤੀ ਕਰਦਿਆਂ ਅੰਮ੍ਰਿਤਮਈ ਸ਼ਾਂਤ ਰਸ ਬਰਸਾਂਦਾ ਹੈ ਅਤੇ ਜੇਕਰ ਸਮਕਾਲੀ ਹਾਲਾਤ ਅਸ਼ਾਂਤ ਹੋ ਜਾਣ ਤਾਂ ਉਹੀ ਸੰਤ ਬੀਰ ਰਸ ਧਾਰਨ ਕਰ ਲੈਂਦਾ ਹੈ।ਆਮ ਸਮਾਜ ਲਈ ਸੰਤਗਿਰੀ ਤੇ ਸਿਪਾਹ-ਸਿਲਾਰ ਦੋ ਵੱਖ-ਵੱਖ ਰੂਪ ਹੋ ਸਕਦੇ ਹਨ ਪਰ ਇਹ ਸਤਿਗੁਰਾਂ ਦੀ ਬਖ਼ਸ਼ਿਸ਼ ਹੈ ਕਿ ਸ਼ਸਤਰ ਤੇ ਸ਼ਾਸਤਰ ਦਾ ਰੰਗ ਇੱਕੋ ਹੀ ਇਨਸਾਨ ਵਿੱਚੋਂ ਮਾਣਿਆ ਜਾ ਸਕਦਾ ਹੈ ਤੇ ਉਹ ਦਸਾਂ ਪਾਤਿਸ਼ਾਹੀਆਂ ਦੀ ਲੰਬੀ ਘਾਲਣਾ ਨੇ ਘੜਿਆ, ਪਿਆਰਾ ਤੇ ਨਿਆਰਾ ਮਾਡਲ 'ਖ਼ਾਲਸਾ' ਹੈ। ਇਹ ਖ਼ਾਲਸੇ ਦੇ ਧਰਮੀ ਬਾਬਲ ਦੀਆਂ ਰਹੱਸਮਈ ਖੇਡਾਂ ਵੀ ਹਨ।

ਕਲਗੀਧਰ ਪਾਤਸ਼ਾਹ ਨੇ ਸ਼ਸਤਰਾਂ ਦੇ ਨਾਮ ਦੀ ਮਾਲਾ ਜਪਣ ਲਈ ਪ੍ਰੇਰਕ ਸ਼ਬਦ ਅਜਿਹੇ ਵਰਤੇ ਕਿ 'ਸ਼ਸਤ੍ਰਨਾਮ ਮਾਲਾ' ਪੜ੍ਹਨ ਵਾਲੇ ਸਿਪਾਹੀ ਦੀ ਸੰਤਗਿਰੀ ਨੂੰ ਵੀ ਕੋਈ ਖ਼ਤਰਾ ਨਹੀਂ ਹੋਵੇਗਾ ਤੇ ਅਜਿਹੇ ਸੰਤ ਵਰਗਾ ਕਮਾਲ ਦਾ ਸਿਪਾਹੀ ਵੀ ਕੋਈ ਨਹੀਂ ਹੋਵੇਗਾ। ਬੱਸ ਉਹ ਇੱਕ ਖੜਗਕੇਤ' ਹੀ ਗਿਆਨ ਖੜਗ ਬਖ਼ਸ਼ਦਾ ਹੈ ਅਤੇ ਗਿਆਨ ਖੜਗ ਵਾਲਾ ਹੀ ਖੜਗਕੇਤ ਨੂੰ ਸਮਝ ਸਕਦਾ ਹੈ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਕਲਮ ਤੇ ਤੇਗ ਦੇ ਧਨੀ ਸਨ। ਡਾ. ਤਾਰਨ ਸਿੰਘ ਅਨੁਸਾਰ 'ਸ੍ਰੀ ਗੁਰੂ ਗੋਬਿੰਦ ਸਿੰਘ ਜੀ ਭਾਰਤੀ ਮਿਥਿਹਾਸ ਅਤੇ ਸੰਸਕ੍ਰਿਤ, ਬ੍ਰਜ ਦੇ ਨਿਪੁੰਨ ਗਿਆਨ ਦਾ ਇਕ ਵਿਸ਼ੇਸ਼ ਪ੍ਰਮਾਣ ਸ੍ਰੀ ਸ਼ਸਤ੍ਰਨਾਮ ਮਾਲਾ...ਦੀ ਰਚਨਾ ਹੈ। ਇਹ ਸਾਰੇ ਸ਼ਸਤ੍ਰ ਨਾਮ ਪ੍ਰਭੂ ਨਾਮ ਹੀ ਮੰਨੇ ਹਨ- ਪ੍ਰਭੂ ਦੀ ਤਲਵਾਰ, ਚਕ੍ਰਬਾਣ ਅਸ ਤੇ ਤੁਪਕ ਹੈ। ਆਪ ਦਾ ਪਰਮਾਤਮਾ ਹੀ ਸ਼ਸਤ੍ਰਧਾਰੀ, ਖੜਗਧਾਰੀ ਤੇ ਸਰਬਲੋਹ ਹੈ। ਇਹ ਲੋਹੇ ਦੇ ਸ਼ਸਤਰ ਹੀ ਪਰਮਾਤਮਾ ਹਨ—ਇਹ ਕਾਲ ਹਨ, ਉਹ ਮਹਾਂਕਾਲ ਹੈ।'
(ਪੁਸਤਕ: ਦਸਮ ਗ੍ਰੰਥ-ਰੂਪ ਤੇ ਰਸ)

'ਮਹਾਨ ਕੋਸ਼' ਅਨੁਸਾਰ 'ਦਸਮ ਗ੍ਰੰਥ ਵਿਚ ਇਸ ਨਾਉਂ ਦਾ ਇਕ ਗ੍ਰੰਥ ਹੈ, ਜਿਸ ਵਿਚ ਅਦ੍ਰਿਸ਼ਟ ਕੂਟ (ਪਹੇਲੀ) ਦੀ ਰੀਤਿ ਕਰਕੇ ਖੜਗ, ਕਟਾਰ, ਬਰਛੀ, ਚਕ੍ਰ, ਵਾਣ (ਤੀਰ) ਪਾਸ਼ (ਫਾਹੀ) ਅਤੇ ਬੰਦੂਕ ਦੇ ਨਾਉਂ ਲਿਖੇ ਹਨ ਜਿਨ੍ਹਾਂ ਦਾ ਸਮਝਣਾ ਸਾਧਾਰਣ ਵਿਦਵਾਨ ਲਈ ਬਹੁਤ ਔਖਾ ਹੈ।'

ਇਸੇ ਸੰਦਰਭ ਵਿਚ ਪ੍ਰਸਿੱਧ ਵਿਦਵਾਨ ਡਾ. ਗੁਰਭਗਤ ਸਿੰਘ ਜੀ ਨੇ ਬਹੁਤੇ ਡੂੰਘੇ ਸ਼ਬਦ ਕਹੇ ਹਨ, 'ਸ੍ਰੀ ਸ਼ਸਤ੍ਰ ਨਾਮ ਮਾਲਾ ਵਿਚ ਗੁਰੂ ਸਾਹਿਬ ਨੇ ਤੇਗ ਤੀਰ, ਤੁਪਕ, ਤਬਰ ਨੂੰ ਹਮਾਰੇ ਪੀਰ ਆਖਿਆ ਹੈ।

ਜੇ ਖੜਗ ਅਕਾਲ ਪੁਰਖ ਦਾ ਰੂਪ ਹੈ ਅਤੇ ਤੋਪ ਤੇ ਤੀਰ ਪੀਰ ਹਨ ਤਾਂ ਇਨ੍ਹਾਂ ਨੂੰ ਧਾਰਨ ਵਾਲਾ ਵਿਅਕਤੀ ਦੈਵੀ ਜੋਤ ਹੀ ਹੋ ਸਕਦਾ ਹੈ....ਇਸ ਤਰਾਂ ਖੜਗਧਾਰੀ ਤੇ ਤੁਪਕਧਾਰੀ ਦਾ ਜੋ ਰੂਪ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀਆਂ ਇਨ੍ਹਾਂ ਰਚਨਾਵਾਂ ਵਿਚ ਉਭਰਦਾ ਹੈ, ਉਹ ਵੀ ਜੋਤ ਹੋਏ ਉਸ ਮਨੁੱਖ ਦਾ ਹੈ, ਜੋ ਜੋਤ ਨੂੰ ਹੋਰ ਤੀਬਰ ਕਰਨ ਵਾਲੇ ਸੁਜੋਤ ਹਥਿਆਰਾਂ ਨਾਲ ਸੰਘਰਸ਼ ਕਰਦਾ ਹੈ।'

ਸ਼ਸਤ੍ਰਨਾਮ ਮਾਲਾ ਦੇ ਨਾਮਕਰਣ ਬਾਰੇ ਜਾਣੀਏ ਤਾਂ ਪਿਆਰਾ ਸਿੰਘ ਪਦਮ ਅਨੁਸਾਰ 'ਨਾਮ ਮਾਲਾ' ਹਿੰਦੀ ਵਿਚ ਕੋਸ਼ ਯਾਂ ਡਿਕਸ਼ਨਰੀ ਨੂੰ ਕਹਿੰਦੇ ਹਨ। ਇਹ ਇਕ ਤਰ੍ਹਾਂ ਸ਼ਸਤਾਂ ਦਾ ਕੋਸ਼ ਹੈ।ਇਹੋ ਇਸ ਰਚਨਾ ਦਾ ਕਮਾਲ ਹੈ ਜੋ ਦਸਮ ਗ੍ਰੰਥ ਦੇ ਪੰਨਾ ੭੧੭ ਤੋਂ ੮੦੮ ਤਕ ਦਰਜ ਹੈ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਸਮੁੱਚਾ ਜੀਵਨ-ਕਾਲ ਇਸ ਪ੍ਰਕਾਰ ਹੈ ਕਿ ਆਪ ਨੇ ਮੁਰਦਾ ਹੋ ਚੁੱਕੀ ਮਾਨਵਤਾ ਵਿਚ ਜੁਰਅੱਤ, ਦਲੇਰੀ ਤੇ ਬੀਰਤਾ ਪੈਦਾ ਕਰਦਿਆਂ, ਅਜਿਹੀ ਸ਼ੈਲੀ ਦਾ ਪ੍ਰਯੋਗ ਕੀਤਾ ਹੈ ਕਿ ਉਨ੍ਹਾਂ ਦਾ ਅਧਿਆਤਮਵਾਦੀ ਫ਼ਲਸਫ਼ਾ ਵੀ ਬੀਰ ਰਸ ਦਾ ਰੰਗ ਬਖੇਰਦਾ ਹੈ।ਉਨ੍ਹਾਂ ਦੀਆਂ ਸਭਨਾਂ ਰਚਨਾਵਾਂ ਦੇ ਮੰਗਲਮਈ ਸ਼ਬਦ ਵਿਸ਼ੇਸ਼ ਅਰਥ ਰੱਖਦੇ ਹਨ। ਜਿਵੇਂ 'ਜਾਪੁ' ਬਾਣੀ ਦੇ ਆਦਿ ਵਿਚ '੧ਓ ਸਤਿਗੁਰ ਪ੍ਰਸਾਦਿ ॥' 'ਅਕਾਲ ਉਸਤਤ' ਦੇ ਅਰੰਭ ਵਿਚ:



'ਅਕਾਲ ਪੁਰਖ ਕੀ ਰੱਛਾ ਹਮਨੈ ॥
ਸਰਬ ਲੋਹ ਦੀ ਰੱਛਿਆ ਹਮਨੈ ॥'
ਬਚਿਤ੍ਰ ਨਾਟਕ ਦੇ ਆਦਿ ਵਿਚ:
"ਨਮਸਕਾਰ ਸ੍ਰੀ ਖੜਗ ਕੋ ਕਰੌਂ ਸੁ ਹਿਤੁ ਚਿਤੁ ਲਾਇ ॥
ਪੂਰਨ ਕਰੌਂ ਗ੍ਰੰਥ ਇਹ ਤੁਮ ਮੁਹਿ ਕਰਹੁ ਸਹਾਇ ॥"

ਫਿਰ 'ਚੰਡੀ ਚਰਿਤ੍ਰ' ਦੇ ਆਦਿ ਵਿਚ ੧ਓ ਸ੍ਰੀ ਵਾਹਿਗੁਰੂ ਜੀ ਕੀ ਫ਼ਤਹ ॥ ਹੈ।ਕਿਧਰੇ ਸ੍ਰੀ ਭਗਉਤੀ (ਮਹਾਂਕਾਲ) ਜੀ ਸਹਾਇ ਵੀ ਹੈ। ਕਲਗੀਧਰ ਪਾਤਸ਼ਾਹ 'ਤੇਗ ਦੀ ਸ਼ਕਤੀ ਦਾ ਵਰਣਨ ਕਰਦਿਆਂ ਸ਼ਬਦਾਂ ਦੀ ਬੀਰ ਰਸੀ ਮਾਲਾ ਪਰੋ ਦਿੰਦੇ ਹਨ:
ਖਗ ਖੰਡ ਬਿਹੰਡੰ ਖਲ ਦਲ ਖੰਡੰ ਅਤਿ ਰਣ ਮੰਡੰ ਬਰਬੰਡੰ ॥
ਭੁਜ ਦੰਡ ਅਖੰਡੰ ਤੇਜ ਪ੍ਰਚੰਡੰ ਜੋਤਿ ਅਮੰਡੰ ਭਾਨ
ਪ੍ਰਭੰ ॥
ਸੁਖ ਸੰਤਾ ਕਰਣੰ ਦੁਰਮਤਿ ਦਰਣੰ ਕਿਲਬਿਖ ਹਰਣੰ
ਅਸ ਸਰਣੰ
ਜੈ ਜੈ ਜਗ ਕਾਰਣ ਸ੍ਰਿਸ਼ਟਿ ਉਬਾਰਣ ਮਮ ਪ੍ਰਤਿਪਾਰਣ
ਜੈ ਤੇਗੰ ॥(ਬਚਿਤ੍ਰ ਨਾਟਕ)

ਭਾਵ-ਤਲਵਾਰ (ਖਗ) ਦੁਸ਼ਟਾਂ ਦੇ ਟੋਟੇ ਕਰਨ (ਬਿਹੰਡੰ) ਦੇ ਸਮਰੱਥ ਹੈ ਤੇ ਮੂਰਖਾਂ ਦੇ ਦਲਾਂ (ਖਲ ਦਲ) ਨੂੰ ਨਾਸ਼ ਕਰਨ ਵਾਲੀ ਹੈ, ਜੰਗ ਨੂੰ ਮਚਾਉਣ ਵਾਲੀ ਅਤਿ ਬਲਵਾਨ (ਬਰਬੰਡੰ) ਹੈ।ਨਾਸ਼ ਰਹਿਤ ਭੁਜਾ ਦੇ ਨਾਲ ਤੇਜ ਪ੍ਰਕਾਸ਼ ਵਾਲੀ ਤੇ ਸੂਰਜ (ਭਾਨ) ਵਰਗੀ ਉਸ ਦੀ ਕਰਾਂਤੀ ਹੈ।

ਤੇਗ-ਸੰਤਾਂ ਨੂੰ ਸੁਖ ਦੇਣ ਵਾਲੀ ਖੋਟੀ ਮੱਤ ਵਾਲਿਆਂ ਨੂੰ ਨਾਸ਼ ਕਰਨ ਵਾਲੀ, ਕਸ਼ਟਾਂ (ਕਿਲਬਿਖ) ਨੂੰ ਦੂਰ ਕਰਨ ਵਾਲੀ ਹੈ ਤੇ ਮੈਂ ਐਸੀ ਸ਼ਕਤੀ ਦੀ ਸ਼ਰਨ ਲਈ ਹੈ। ਉਹ ਸ਼ਕਤੀ ਜਿਸ ਨਾਲ ਜੰਗ ਵਿਚ ਜੈ ਜੈਕਾਰ ਹੁੰਦੀ ਹੈ, ਜਗ ਉੱਤੇ ਭਲਿਆਂ ਨੂੰ ਮਾਣ ਦਿਵਾਉਣ ਵਾਲੀ ਤੇ ਮੇਰੀ ਰੱਖਿਆ ਕਰਨ ਵਾਲੀ ਤੇਗ ! ਤੇਰੀ ਸਦਾ ਹੀ ਜੈ ਹੋਵੇ।

ਦੁਨੀਆਂ ਦਾ ਸੱਚ ਹੈ ਕਿ ਕੋਈ ਸਮਾਜ ਜਦ ਸਾਹਸਹੀਣ ਹੋ ਜਾਏ ਜਾਂ ਨਿਤਾਣਾ ਬਣ ਕੇ ਜਰਵਾਣਿਆਂ ਅੱਗੇ ਹਾਰ ਮੰਨ ਜਾਏ ਤਾਂ ਉਸ ਸਥਿਤੀ ਵਿਚ ਇਕ ਧਰਮ ਗੁਰੂ ਅਜਿਹੀਆਂ ਸੋਚਾਂ ਨੂੰ ਸ਼ਕਤੀਵਾਨ ਕਿਵੇਂ ਕਰਦਾ ਹੈ। ਇਸ ਸਥਿਤੀ ਵਿੱਚੋਂ ਸਤਿਗੁਰਾਂ ਦੀ ਰਚਨਾ ਸ਼ੈਲੀ ਤੇ ਪ੍ਰੇਰਕ ਸ਼ਕਤੀ ਨੂੰ ਉਸ ਸਦੀ ਅਨੁਸਾਰ ਸਮਝਣ ਦੀ ਜ਼ਰੂਰਤ ਹੈ।

ਇਹ ਯੋਧਿਆਂ ਦੀ ਸਿਰਜਣਾ ਤੇ ਸੋਚ ਨੂੰ ਪ੍ਰਚੰਡ ਕਰਨ ਦਾ ਨਿਰਾਲਾ ਢੰਗ ਹੈ:
ਨਮੋ ਤੀਰ ਤੋਪੰ ॥
ਜਿਨੈ ਸੱਤ੍ਰ ਘੋਪੰ ॥
ਨਮੋ ਧੋਪ ਪੱਟੰ ॥
ਜਿਨੇ ਦੁਸ਼ਟ ਦੱਟੰ ॥
ਜਿਤੇ ਸ਼ਸਤ੍ਰ ਨਾਮੰ
ਨਮਸ਼ਕਾਰ ਤਾਮੰ ॥
ਜਿਤੇ ਅਸਤ੍ਰ ਭੇਯੰਗ
ਨਮਸਸਕਾਰ ਤੇਯੰ
(ਬਚਿਤ੍ਰ ਨਾਟਕ)

ਭਾਵ-ਤੀਰ ਤੇ ਤੋਪ ਰੂਪ ਵਾਲੇ ਅਕਾਲ ਨੂੰ ਮੇਰੀ ਨਮਸਕਾਰ ਹੈ, ਜਿਸ ਨੇ ਵੈਰੀਆਂ ਦਾ ਨਾਸ਼ ਕੀਤਾ। ਮੇਰੀ ਨਮਸਕਾਰ ਹੈ ਸਿੱਧੀ ਤੇ ਪਤਲੀ ਤਲਵਾਰ (ਨਮੋ ਧੋਪ ਪੱਟੀ) ਵਾਲੇ ਨੂੰ, ਜਿਸ ਨੇ ਦੁਸ਼ਟਾਂ ਨੂੰ ਦੰਡਿਆ ਹੈ। ਇਸ ਲਈ ਜਿੰਨੇ ਵੀ ਸ਼ਸਤਰਾਂ ਦੇ ਨਾਮ ਹਨ, ਉਨ੍ਹਾਂ ਨੂੰ ਮੇਰੀ ਨਮਸਕਾਰ ਹੈ ਅਤੇ ਜਿੰਨੇ ਪ੍ਰਕਾਰ ਦੇ ਹਥਿਆਰ ਹਨ, ਉਨ੍ਹਾਂ ਨੂੰ ਮੇਰੀ ਨਮਸਕਾਰ ਹੈ।ਇਸੇ ਤਰਾਂ ਸਤਿਗੁਰਾਂ ਦਾ ਇਕ ਸਵੈਯਾ ਹੈ:
...ਅਰੁ ਅਉਰ ਜੰਜਾਰ ਜਿਤੋ ਗ੍ਰਿਹ ਕੋ ਤੁਹਿ ਤਿਆਗਿ ਕਹਾ ਚਿਤ ਤਾ ਮੈ ਧਰੋ ॥
ਅਬ ਰੀਝ ਕੈ ਦੇਹੁ ਵਹੈ ਹਮ ਕੋ ਜੋਊ ਹਉ ਬਿਨਤੀ ਕਰ ਜੋਰ ਕਰੋ ॥
ਜਬ ਆਉ ਕੀ ਅਉਧ ਨਿਦਾਨ ਬਨੈ ਅਤਿਹੀ ਰਨ ਮੈ ਤਬ ਜੂਝ ਮਰੋ ॥

ਸ੍ਰੀ ਸ਼ਸਤ੍ਰਨਾਮ ਮਾਲਾ ਦੇ ਆਦਿ ਵਿਚ ਜੋ ਦੋਹਰਾ ਹੈ, ਉਸ ਦੇ ਸ਼ਕਤੀਸ਼ਾਲੀ ਸ਼ਬਦ ਬੀਰਤਾ ਦੇ ਰੰਗ ਵਿਚ ਰੰਗੇ ਹੋਏ ਹਨ:
ਸਾਂਗ ਸਰੋਹੀ ਸੈਫ ਅਸ ਤੀਰ ਤੁਪਕ ਤਰਵਾਰ ॥
ਸੱਤ੍ਰਾਂਤਕ ਕਵਚਾਂਤਿ ਕਰਿ ਕਰੀਐ ਰਛ ਹਮਾਰ ॥
ਅਸ ਕ੍ਰਿਪਾਨ ਧਾਰਾਧਰੀ ਸੈਲ ਸੈਫ ਜਮਦਾਢ
ਕਵਚਾਂਤਕ ਸੱਤਾਂਤ ਕਰ ਤੇਗ ਤੀਰ ਰਨਬਾਢ ॥

ਭਾਵ – ਦੋ ਮੂੰਹੀ ਬਰਛੀ (ਸਾਂਗ), ਸਿਰੋਹੀ ਨਗਰ ਵਿਚ ਬਣੀ ਤਲਵਾਰ ਦੀ ਇਕ ਜਾਤਿ ਜੋ ਬਹੁਤ ਕਾਟ ਕਰਨ ਵਾਲੀ (ਸਰੋਹੀ), ਸਿੱਧੀ ਤਲਵਾਰ (ਸੈਫ) ਖਮਦਾਰ ਤਲਵਾਰ (ਅਸ), ਤੀਰ, ਤੋਪ (ਤੁਪਕ), ਤਲਵਾਰ ਆਦਿ ਸ਼ਸਤ੍ਰ ਜੋ ਦੁਸ਼ਮਣਾਂ ਦਾ ਅੰਤ ਕਰਨ ਵਾਲੇ (ਸੱਤ੍ਰਾਂਤਕ) ਤੇ ਕਵਚਾਂ ਨੂੰ ਤੋੜਨ ਵਾਲੇ (ਕਵਚਾਂਤਕ) ਮੇਰੀ ਰੱਖਿਆ ਕਰਦੇ ਹਨ।

ਇਸੇ ਪ੍ਰਕਾਰ ਤਲਵਾਰ, ਕਿਰਪਾਨ, ਤਿੱਖੀ ਧਾਰ ਵਾਲੀ ਤਲਵਾਰ (ਧਾਰਾਧਰੀ) ਨੇਜ਼ਾ (ਸੈਲ) ਸੈਫ ਤੇ ਜਮਦਾਢ (ਜਮ ਦੀ ਦਾੜ੍ਹ ਵਰਗੀ ਕਟਾਰ), ਜੋ ਕਵਚਾਂ ਤੇ ਸ਼ਸਤਾਂ ਨੂੰ ਤੋੜਨ ਵਾਲੇ ਤੇਗ ਤੀਰ ਤੇ ਰਣ ਵਿਚ ਜ਼ਾਲਮਾਂ ਨੂੰ ਵੱਢਣ ਵਾਲੇ (ਰਨਬਾਢ) ਹਨ, ਇਹ ਸਭ ਰੱਖਿਅਕ ਹਨ।

ਉਪਰੰਤ ਜੋ ਸ਼ਬਦ ਹਥਲੇ ਲੇਖ ਦੇ ਅਰੰਭ ਵਿਚ ਦਿੱਤੇ ਗਏ ਹਨ, ਉਹ ਤਰਤੀਬ ਅਨੁਸਾਰ ਹਨ, ਜਿਨ੍ਹਾਂ ਦਾ ਭਾਵ ਹੈ ਕਿ ਅਸ (ਤਲਵਾਰ), ਕਿਰਪਾਨ, ਖੰਡਾ, ਖੜਗ, ਤੁਪਕ (ਤੋਪ), ਤਬਰ (ਛਵੀ) ਅਤੇ ਤੀਰ, ਸੈਫ, ਸਰੋਹੀ ਸੈਹਥੀ (ਬਰਛੀ) ਆਦਿ ਇਹ ਸਭ ਸ਼ਸਤ੍ਰ ਮੇਰੇ ਪੀਰ ਹਨ।

ਹੇ ਅਕਾਲ ਪੁਰਖ ! ਤੂੰ ਹੀ ਸ਼ਕਤੀਦਾਤਾ ਹੋ ਕੇ ਤੀਰ ਹੈਂ, ਤੂੰ ਹੀ ਬਰਛੀ ਰੂਪ ਸ਼ਕਤੀ ਹੈਂ, ਤੂੰ ਹੀ ਤਬਰ (ਛਵੀ) ਤੇ ਤਲਵਾਰ ਹੈਂ।ਜੋ ਜੋ ਪ੍ਰਾਣੀ ਤੇਰਾ ਨਾਮ ਜਪਦਾ ਹੈ, ਉਹ ਪਾਰ ਹੋ ਜਾਂਦਾ ਹੈ।

ਤੂੰ ਹੀ ਕਾਲ ਹੈਂ ਤੇ ਤੂੰ ਹੀ ਕਾਲੀ ਹੈਂ, ਤੂੰ ਹੀ ਤੇਗ਼ ਤੇ ਤੀਰ ਹੈਂ। ਤੂੰ ਹੀ ਫ਼ਤਿਹ ਦੀ ਨੀਸ਼ਾਨੀ ਭਾਵ ਵਾਹਿਗੁਰੂ ਜੀ ਕੀ ਫ਼ਤਿਹ ਹੈਂ, ਤੇ ਤੂੰ ਹੀ ਜਗਤ ਦਾ ਵੱਡਾ ਸੂਰਮਾ ਹੈਂ। ਭਾਵ ਕਰਤਾ ਤੇ ਨਿਰਭਉ ਹੈਂ।ਸ਼ਸਤ੍ਰਨਾਮ ਮਾਲਾ ਲੰਮੇਰੀ ਰਚਨਾ ਹੈ।ਇਸ ਦੇ ੧੩੧੮ ਦੋਹਰੇ ਤੇ ਸਲੋਕ ਹਨ।ਇਨ੍ਹਾਂ ਵਿਚ ਸ਼ਬਦਾਵਲੀ ਤੇ ਬਿੰਬਾਵਲੀ ਦਾ ਅਥਾਹ ਤੇ ਅਸੀਮ ਪ੍ਰਵਾਹ ਹੈ।ਇਸ ਰਚਨਾ ਦੀ ਸ਼ੈਲੀ ਤੇ ਸੰਦੇਸ਼ ਨੂੰ 'ਤਰਕ ਬੁੱਧ' ਨਾਲ ਨਹੀਂ, ਸਗੋਂ 'ਬਿਬੇਕ ਬੁੱਧੀ' ਨਾਲ ਸਮਝਿਆ ਜਾ ਸਕਦਾ ਹੈ।

# ਮਨ ਦਾ ਬੋਝ

ਉਸਨੇ ਅਖ਼ਬਾਰਾਂ ਮੈਗ਼ਜ਼ੀਨਾਂ ਤੋਂ ਸੱਚੋ-ਸੱਚ ਪੜ੍ਹਿਆ... ਚੈਨਲਾਂ ਦਾ ਪ੍ਰਚਾਰ ਸੁਣਿਆ, ਧਰਮੀ ਲੋਕਾਂ ਦੇ ਜਜ਼ਬਾਤ ਵਲੂੰਧਰੇ ਦੇਖੇ... ਦਸਮੇਸ਼ ਪਿਤਾ ਜੀ ਦੀਆਂ ਮਹਾਨ ਕੁਰਬਾਨੀਆਂ ਦਾ ਇਤਿਹਾਸ ਪੜ੍ਹ-ਸੁਣ ਕੇ ਆਪਣੇ ਆਪ ਨੂੰ ਵਿਰਾਸਤ ਦੇ ਸ਼ੀਸ਼ੇ 'ਚੋਂ ਤੱਕਿਆ। ਭਾਵਨਾ ਜਾਗੀ... ਮਨ ਬੋਲ ਉੱਠਿਆ ਅਜੇ 'ਡੁੱਲ੍ਹੇ ਬੇਰਾਂ ਦਾ ਕੁਝ ਨਹੀਂ ਵਿਗੜਿਆ।' ਘਰ ਦੀ ਕੰਧ 'ਤੇ ਲਟਕਦੀ ਦੇਹਧਾਰੀ ਬਾਬੇ ਦੀ ਫੋਟੋ ਲਾਹ ਕੇ ਮੂਧੀ ਮਾਰ ਦਿੱਤੀ... ਪੰਜਾਬ ਦੇ ਮਾਹੌਲ ਨੂੰ ਅਸ਼ਾਂਤ ਕਰਨ ਵਾਲਾ ਜਾਪਿਆ...! ਗੁਰੂ ਦੇ ਵਾਰਸਾਂ ਨੂੰ ਗੁੰਮਰਾਹ ਕਰਨ ਵਾਲੇ ਨਾਲ ਸਾਡਾ ਕੀ ਸੰਬੰਧ ? ਇਸ ਸਵਾਲ ਨੇ ਉਹਨੂੰ ਬੇਚੈਨ ਕਰ ਦਿੱਤਾ... ਇਕ ਪ੍ਰੇਮੀ ਦੇ ਮਨ ਦਾ ਬੋਝ ਖੋਜ ਵੱਲ ਚੱਲ ਪਿਆ... ।

ਕਿੱਥੇ ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ, ਸਰਬੰਸਦਾਨੀ ਅੰਮ੍ਰਿਤ ਦੇ ਦਾਤੇ... ਸ਼ਮਸ਼ੀਰ-ਏ-ਬਹਾਦਰ... ਨੀਚਾਂ ਨੂੰ ਊਚ ਕਰਨ ਵਾਲੇ... ਚਿੜੀਆਂ ਤੋਂ ਬਾਜ਼ ਤੁੜਾਉਣ ਵਾਲੇ ਤੇ ਕਿੱਥੇ ਸਾਨੂੰ ਬਾਜ਼ਾਂ ਨੂੰ ਭੇਖੀ ਲੋਕਾਂ ਨੇ ਚਿੜੀਆਂ ਬਣਾ ਦਿੱਤਾ ਐ... ਕਿ ਅਸੀਂ ਆਪਣੇ ਪਰਛਾਵਿਆਂ ਤੋਂ ਵੀ ਡਰ ਰਹੇ ਆਂ।ਸੱਚੇ ਪਾਤਸ਼ਾਹ ਨੇ ਸਾਨੂੰ 'ਸਿੰਘ' ਦਾ ਖ਼ਿਤਾਬ ਦਿੱਤਾ, ਫਿਰ ਮੈਂ ਗਿੱਦੜ ਕਿਉਂ ਬਣਿਆ ਰਹਾਂ ?

ਮੈਂ ਕਲਗੀਆਂ ਵਾਲੇ ਪਾਤਸ਼ਾਹ ਦਾ ਸ਼ੇਰ ਹਾਂ, ਉਹਨੂੰ ਆਪਣੀ 'ਸਿੰਘ ਗਰਜ' ਸੁਣਾਈ ਦਿੱਤੀ ਤੇ ਬਚਪਨ ਵਿਚ ਦਾਦੀ ਮਾਂ ਤੋਂ ਸੁਣੀ ਕਹਾਣੀ ਯਾਦ ਆਈ ਕਿ ਕਿਵੇਂ ਇਕ ਸ਼ੇਰ ਦਾ ਬੱਚਾ, ਭੇਡਾਂ ਦੇ ਵੱਗ 'ਚ ਰਲਿਆ... ਭੇਡੂ ਹੀ ਬਣ ਕੇ ਰਹਿ ਗਿਆ ਸੀ, ਪਰ ਇਕ ਦਿਨ ਸ਼ੇਰ ਦੀ ਭਬਕ ਸੁਣ ਕੇ ਖੁਦ ਗਰਜਿਆ ਤਾਂ ਉਹਨੂੰ ਆਪਣੇ ਸ਼ੇਰ ਹੋਣ ਦਾ ਅਹਿਸਾਸ ਪੈਦਾ ਹੋਇਆ ਸੀ।

...ਮੈਂ ਕੁਝ ਸਾਲ ਪਹਿਲਾਂ ਗੁੰਮਰਾਹਕੁੰਨ ਪ੍ਰਚਾਰ ਵਿਚ ਉਲਝ ਕੇ ਕੱਚਿਆਂ ਦਾ ਚੇਲਾ ਬਣ ਗਿਆ... ਇਹ ਅਗਿਆਨਤਾ ਮੈਨੂੰ ਕਿੰਨੀ ਦੂਰ ਲੈ ਗਈ ਕਿ ਮੈਂ ਸੱਥਾਂ-ਖੁੰਢਾਂ 'ਤੇ ਬੈਠਾ ਵੀ ਝੂਠੇ ਦੀਆਂ ਵਡਿਆਈਆਂ ਕਰਨ ਲੱਗ ਪਿਆ... ਅੱਜ ਖੋਟੇ ਤੇ ਖਰੇ ਦੀ ਪਹਿਚਾਣ ਹੋਈ ਐ... ਮੈਂ ਤਾਂ ਮਹਾਨ ਵਿਰਸੇ ਦਾ ਵਾਰਸ ਆਂ... ਮੇਰੇ ਸੱਚੇ ਗੁਰੂ ਦੇ ਤਖ਼ਤਾਂ ਤੋਂ ਸੰਦੇਸ਼ੇ ਤੇ ਹੁਕਮਨਾਮੇ ਮੇਰੀ ਵਿਰਾਸਤ ਐ... ਮੈਂ ਡੇਰਿਆਂ ਦੀ ਕੈਦ ਵਿਚ ਆਪਣੀ ਸੋਚ ਨੂੰ ਸੀਮਤ ਕਰ ਬੈਠਾਂ ਮੈਨੂੰ 'ਨਾਮ ਦਾਨ' ਦੇ ਭਰਮਪਾਊ ਜਾਲ ਵਿਚ ਫਸਾ ਕੇ ਗਿਣਤੀ ਦੇ ਅੱਖਰਾਂ 'ਚ ਸੀਮਤ ਕਰਾ ਦਿੱਤਾ ਅਤੇ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਤੋੜਿਆ ਜਾ ਰਿਹਾ ਹੈ... ਵਾਹ... ਜੁਗੋ ਜੁੱਗ ਅਟੱਲ ਗੁਰੂ ਤੋਂ ਬੇਮੁਖ ਕਰ ਕੇ ਥੋੜ੍ਹਚਿਰੇ ਕਪਟੀ ਸਰੀਰ ਦੀ ਪੂਜਾ ਵੱਲ ਲਾਇਆ ਜਾ ਰਿਹਾ... ਕਿੱਥੇ 'ਧੁਰ ਕੀ ਬਾਣੀ' ਤੇ ਕਿੱਥੇ ਮਨਘੜਤ ਕਵਿਤਾਵਾਂ !

ਅੱਜ ਸ੍ਰੀ ਦਰਬਾਰ ਸਾਹਿਬ ਦਾ ਸ਼ਬਦ ਕੀਰਤਨ ਸੁਣਿਆ ਤਾਂ ਰਾਗੀ ਸਿੰਘਾਂ ਨੇ ਐਸੇ ਸ਼ਬਦ ਗਾਏ ਕਿ ਮਨ ਵਿੰਨ੍ਹ ਦਿੱਤਾ... 'ਕਾਚੇ ਗੁਰ ਤੇ ਮੁਕਤਿ ਨ ਹੂਆ, "ਨਾਨਕ ਕਚੜਿਆ ਸਿਉ ਤੋੜਿ, "ਸਤਿਗੁਰ ਸਾਹਿਬੁ ਛਡਿ ਕੈ ਮਨਮੁਖੁ ਹੋਇ ਬੰਦੇ ਦਾ ਬੰਦਾ" "ਅੰਧੇ ਕੈ ਰਾਹਿ ਦਸਿਐ ਅੰਧਾ ਹੋਇ ਸੁ ਜਾਇ

ਵਾਹ ਪਾਤਸ਼ਾਹ ! ਸੱਚ ਹਿਰਦੇ ਨੂੰ ਟੁੰਬ ਗਿਆ। ਸੱਚ ਰੂਪੀ ਸ਼ੀਸ਼ੇ 'ਚੋਂ ਕੁਰੂਪਤਾ ਨਜ਼ਰ ਆਈ.... 'ਕਿੱਥੇ ਰਾਜਾ ਭੋਜ ਕਿੱਥੇ ਗੰਗੂ ਤੇਲੀ ? ਇਕ ਬਲਾਤਕਾਰੀ, ਕਾਤਲ, ਸਵਾਂਗੀ ਤੇ ਫਰੇਬੀ ਬੰਦਾ ਆਪੇ ਗੁਰੂ ਕਿਵੇਂ ਹੋ ਗਿਆ ? ਇਹ ਤਾਂ ਧੋਖਾ ਐ.. ਧੋਖੇ ਵਿਚ ਠੱਗੀ ਹੁੰਦੀ ਐ। ਠੱਗ ਹਮੇਸ਼ਾਂ ਸਵਾਂਗ ਕਰਦਾ ਐ।ਸਵਾਂਗ ਤਾਂ ਸਵਾਂਗ ਹੀ ਹੁੰਦਾ ਐ।ਹੁਣ ਸਮਝ ਆਈ ਕਿ 'ਖੋਤੇ ਉੱਤੇ ਸ਼ੇਰ ਦੀ ਖੱਲ' ਵਾਲੀ ਸਾਖੀ ਦਾ ਅਸਲੀ ਅਰਥ ਕੀ ਐ ? ਸਮਾਂ ਤੇ ਸਮਾਜ ਸਭ ਤੋਂ ਵੱਡਾ ਉਸਤਾਦ ਐ... ।

ਉਹ ਯਕਦਮ ਤ੍ਰਭਕਿਆ ਗੁਰਦੁਆਰਾ ਸਾਹਿਬ ਤੋਂ ਅਵਾਜ਼ ਆ ਰਹੀ ਸੀ, 'ਗੁਰੂ ਪਿਆਰੀ ਸਾਧ ਸੰਗਤ ਜੀਉ, ਜੋ ਸਿੱਖ ਪਰਵਾਰ ਭੋਲੇ-ਭਾਅ ਜਾਂ ਅਗਿਆਨਤਾ ਵੱਸ ਗੁੰਮਰਾਹ ਹੋ ਕੇ ਡੇਰਿਆਂ ਵੱਲ ਚਲੇ ਗਏ ਸਨ, ਅੱਜ ਉਨ੍ਹਾਂ ਨੂੰ ਸਹੀ ਅਹਿਸਾਸ ਹੋ ਗਿਆ ਹੈ ਕਿ ਉਹ ਗਲਤੀ ਕਰ ਬੈਠੇ ਸਨ... ਉਹ 'ਕੱਚੇ' ਨੂੰ ਤਿਆਗ ਕੇ 'ਸੱਚੇ ਗੁਰੂ ਦੀ ਸ਼ਰਨ ਵਿਚ ਆ ਗਏ ਹਨ ਤੇ ਉਨ੍ਹਾਂ ਦਾ ਗੁਰੂ ਦੀ ਹਜ਼ੂਰੀ ਵਿਚ ਮਾਣ-ਸਨਮਾਨ ਹੋਵੇਗਾ।ਅਸੀਂ ਸ੍ਰੀ ਗੁਰੂ ਗ੍ਰੰਥ ਤੇ ਗੁਰੂ ਪੰਥ ਦੇ ਵਾਰਸ ਹਾਂ... ਸਾਨੂੰ ਗੁਰੂ ਸਾਹਿਬਾਨ ਦੇ ਸਿੱਖ ਹੋਣ 'ਤੇ ਹੀ ਫਖ਼ਰ ਕਰਨਾ ਚਾਹੀਦਾ ਐ... ।ਵਿਸ਼ਵ ਦੀ ਛੇ ਸੌ ਕਰੋੜ ਦੀ ਅਬਾਦੀ ਵਿਚ ਦਸਮ ਪਿਤਾ ਜੀ ਦੇ ਸਿਰਜੇ ਖ਼ਾਲਸੇ ਦੀ ਨਿਵੇਕਲੀ ਹੋਂਦ ਤੇ ਪਹਿਚਾਣ ਐ।ਅਸੀਂ ਫਿਰ ਦੰਭੀਆਂ-ਪਾਖੰਡੀਆਂ ਦੇ ਲੜ ਕਿਉਂ ਲੱਗੀਏ... ? ਕੌਮ ਦੇ ਵਾਰਸੋ ! ਪਤਾ ਨਹੀਂ ਪੰਜਾਬ ਵਿਚ ਕਿੰਨੀਆਂ ਜਥੇਬੰਦੀਆਂ ਵੱਡੀਆਂ-ਵੱਡੀਆਂ ਸਕੀਮਾਂ ਨਾਲ ਸਿੱਖ ਕੌਮ ਨੂੰ ਗੁੰਮਰਾਹਕੁੰਨ ਪ੍ਰਚਾਰ ਨਾਲ ਗੁਰੂ ਗ੍ਰੰਥ ਤੇ ਪੰਥ ਤੋਂ ਤੋੜ ਰਹੀਆਂ ਹਨ... ਪੰਜਾਬ ਦੀ ਧਰਤੀ 'ਤੇ ਪਾਖੰਡਵਾਦ ਦਾ ਜਾਲ ਵਿੱਛ ਗਿਆ ਹੈ... ਗੁੰਮਰਾਹ ਹੋਇਆ ਸਿੱਖ ਸਭ ਤੋਂ ਖ਼ਤਰਨਾਕ ਐ ਜੋ ਆਪਣੇ ਹੀ ਭਾਈਚਾਰੇ ਨਾਲ ਲੜਾਈ ਪਾ ਬਹਿੰਦਾ ਐ... ਪਿਆਰਿਓ ! ਜਾਅਲੀ ਨੋਟ, ਨਕਲੀ ਗਹਿਣੇ ਤੇ ਕੱਚੇ ਗੁਰੂ ਚਮਕਦਾਰ ਜ਼ਰੂਰ ਹੁੰਦੇ ਐ ਪਰ ਉਨ੍ਹਾਂ ਦਾ ਹਕੀਕੀ ਮੁੱਲ ਕੋਈ ਨਹੀਂ ਹੁੰਦਾ...।ਜਿਨ੍ਹਾਂ ਨੂੰ ਕੱਚੇ-ਪੱਕੇ ਦਾ ਅਹਿਸਾਸ ਹੋ ਗਿਆ, ਉਹ ਧੜਾ-ਧੜ ਆਪਣੇ ਘਰ ਪਰਤ ਰਹੇ ਨੇ... ਖਾਲਸਾ ਪੰਥ ਸਰਬ ਸਾਂਝਾ ਪਰਵਾਰ ਐ।

ਭਟਕਿਆਂ ਨੂੰ ਰਾਹੇ ਪਾਉਣਾ ਸਭ ਤੋਂ ਵੱਡਾ ਉਪਕਾਰ ਐ। ...ਸਭ ਕੁਝ ਸੁਣ ਕੇ ਉਹ ਵਾਹੋ-ਦਾਹੀ ਗੁਰਦੁਆਰਾ ਸਾਹਿਬ ਵੱਲ ਚੱਲ ਪਿਆ... ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਨਮਸਕਾਰ ਕੀਤੀ ਮਨ ਵਿਚ ਅਰਦਾਸ ਕੀਤੀ ਜੋ ਭਿੱਜੇ ਹੋਏ ਹਿਰਦੇ ਦੇ ਬੋਲ ਸਨ.. 'ਸਤਿਗੁਰੂ ਜੀ ! ਮੈਂ ਭੁਲੇਖੇ ਦਾ ਸ਼ਿਕਾਰ ਹੋ ਗਿਆ... ਮੈਂ ਕਲਗੀਧਰ ਪਿਤਾ ਦੇ ਨਿਆਰੇ ਪੰਥ ਦਾ ਵਾਰਸ ਆਂ... ਪਿਛਲੇ ਔਗਣਾਂ ਨੂੰ ਬਖਸ਼ ਕੇ ਸਹੀ ਮਾਰਗ 'ਤੇ ਚੱਲਣ ਦਾ ਬਲ ਬਖਸ਼ੋ ਬੰਦਾ ਭੁੱਲਣਹਾਰ ਐ, ਤੁਸੀਂ ਬਖਸ਼ਣਹਾਰ ਓ....।

ਉਹਨੇ ਗੁਰੂ ਬਖਸ਼ਿਸ਼ ਸਿਰੋਪਾ ਲਿਆ... ਜੈਕਾਰਾ ਗੂੰਜਿਆ... ਫਤਹਿ ਬੁਲਾਈ ਤੇ ਸੰਗਤ 'ਚ ਬਹਿ ਕੇ ਪ੍ਰਸ਼ਾਦ ਛਕਿਆ..।ਅਹਿਸਾਸ ਵੀ ਹੋਇਆ ਕਿ ਆਪਣੇ ਕਬੀਲੇ 'ਚੋਂ ਛੇਕੇ ਜਾਣਾ ਕਿੰਨੀ ਵੱਡੀ ਨਮੋਸ਼ੀ ਐ ਤੇ ਆਪਣਿਆਂ ਦੇ ਸੰਗ ਰਹਿਣਾ ਕਿੰਨੇ ਮਾਣ ਵਾਲੀ ਗੱਲ ਐ...।ਮੈਂ ਪੰਜਾਂ ਪਿਆਰਿਆਂ ਤੋਂ ਅੰਮ੍ਰਿਤ ਦੀ ਦਾਤ ਲਵਾਂਗਾ, ਨਿੱਤਨੇਮੀ ਬਣਾਂਗਾ ਤੇ ਸੈਮਾਣ ਨਾਲ ਰਹਾਂਗਾ। ਘਰ ਵਿਚ ਖੁਸ਼ੀ ਦੀ ਲਹਿਰ ਸੀ... ਜਾਣੀ ਸਵੇਰ ਦਾ ਭੁੱਲਿਆ ਸ਼ਾਮ ਨੂੰ ਘਰ ਆ ਗਿਆ... 'ਘਰ ਹਿਰਦਾ ਰੂਪੀ ਹੋਵੇ, ਰੈਣ ਬਸੇਰਾ ਰੂਪੀ ਜਾਂ ਗੁਰੂ ਦਾ ਘਰ' ਤਿੰਨਾਂ ਦੀ ਇਕਸੁਰਤਾ ਤੇ ਇਕਸਾਰਤਾ ਹੀ ਅਸਲ ਜੀਵਨ ਦੀ ਖੁਸ਼ੀ ਐ।ਠੰਡੀ-ਠੰਡੀ ਹਵਾ ਚੱਲ ਰਹੀ ਸੀ... ਧੱਕ ਥੱਲੇ ਮੰਜਾ ਡਾਹ ਕੇ ਉਹ ਗੂੜ੍ਹੀ ਨੀਂਦ ਸੌਂ ਗਿਆ, ਜਿਵੇਂ ਅੱਜ ਪਰਬਤੋਂ ਭਾਰਾ 'ਮਨ ਦਾ ਬੋਝ' ਲਹਿ ਗਿਆ ਸੀ।

**ਡਾ. ਇੰਦਰਜੀਤ ਸਿੰਘ ਗੋਗੋਆਣੀ**

# ਭਾਈ ਮਤੀ ਦਾਸ, ਭਾਈ ਸਤੀ ਦਾਸ ਅਤੇ ਭਾਈ ਦਿਆਲਾ ਜੀ






ਸਿੱਖ ਕੌਮ ਦਾ ਸੰਖੇਪ ਇਤਿਹਾਸ ਕੁਰਬਾਨੀਆਂ ਤੇ ਸ਼ਹੀਦੀਆਂ ਭਰਪੂਰ ਇਤਿਹਾਸ ਹੈ। ਜੇ ਇਹ ਕਹੀਏ ਕਿ ਸਿੱਖ ਇਤਿਹਾਸ ਹੈ ਹੀ ਸ਼ਹੀਦੀ-ਇਤਿਹਾਸ ਤਾਂ ਇਸ ਵਿਚ ਕੋਈ ਅਤਿਕਥਨੀ ਨਹੀਂ ਹੋਵੇਗੀ। ਅਸੀਂ ਰੋਜ਼ਾਨਾ ਅਰਦਾਸ ਵਿਚ ਆਪਣੇ ਸ਼ਹੀਦਾਂ ਨੂੰ ਉਨ੍ਹਾਂ ਦੀਆਂ ਕੁਰਬਾਨੀਆਂ ਸਦਕਾ ਯਾਦ ਕਰਦੇ ਹਾਂ। ਪਰੰਤੂ ਅਜਿਹੇ ਕੁਰਬਾਨੀ-ਪੁੰਜ, ਧਰਮੀ ਸ਼ਹੀਦਾਂ ਦੇ ਜੀਵਨ ਸਿਲਸਿਲੇਵਾਰ ਰੂਪ ਵਿਚ ਉਨ੍ਹਾਂ ਦੇ ਸਮਕਾਲੀ ਲਿਖਾਰੀਆਂ ਦੇ ਲਿਖੇ ਹੋਏ ਬਹੁਤ ਘੱਟ ਮਿਲਦੇ ਹਨ। ਢੇਰ ਚਿਰ ਬਾਅਦ ਲਿਖੇ ਗਏ ਇਤਿਹਾਸ ਵਿਚ ਉਣਤਾਈਆਂ ਤੇ ਭੁਲੇਖੇ ਸਹਿਜੇ ਹੀ ਆ ਜਾਂਦੇ ਹਨ। ਭਾਈ ਮਤੀ ਦਾਸ, ਭਾਈ ਸਤੀ ਦਾਸ ਅਤੇ ਭਾਈ ਦਿਆਲਾ ਜੀ ਅਜਿਹੇ ਸਿਦਕੀ ਸਿੱਖ ਹਨ, ਜਿਨ੍ਹਾਂ ਨੇ ਸ਼ਹੀਦੀ ਪਰੰਪਰਾ ਨੂੰ ਅੱਗੇ ਤੋਰਨ ਵਿਚ ਆਪਣਾ ਯੋਗਦਾਨ ਪਾਇਆ, ਅਜਿਹੇ ਸਿੱਖਾਂ ਦੇ ਫਖਰ ਯੋਗ ਜੀਵਨ ਦਾ ਚਾਨਣ ਮੁਨਾਰਾ ਭੀ ਸਮੇਂ ਦੀਆਂ ਵਿੱਥਾਂ ਕਾਰਨ ਇਸੇ ਤਰ੍ਹਾਂ ਦੀ ਧੁੰਦ ਨਾਲ ਘੁਸਮੁਸਾ ਜਿਹਾ ਹੋ ਰਿਹਾ ਹੈ। ਇਹ ਉਹ ਸਿੱਖ ਹਨ ਜਿਨ੍ਹਾਂ ਨੇ ਹਿੰਦੂ ਧਰਮ ਦੀ ਰੱਖਿਆ ਕਰਨ ਵਾਲੇ ਨੌਵੇਂ ਨਾਨਕ ਸ੍ਰੀ ਗੁਰੂ ਤੇਗ ਬਹਾਦਰ ਜੀ ਤੋਂ ਇਕ ਦਿਨ ਪਹਿਲਾਂ ੧੦ ਨਵੰਬਰ ੧੬੭੫ ਈ: ਵਿਚ ਚਾਂਦਨੀ ਚੌਂਕ ਦਿੱਲੀ ਵਿਖੇ ਸ਼ਹਾਦਤ ਦਾ ਜਾਮ ਪੀਤਾ। ਜਦੋਂ ਅਸੀਂ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਲਾਸਾਨੀ, ਅਦੁੱਤੀ ਗੌਰਵਮਈ ਸ਼ਹਾਦਤ ਦੀ ਗੱਲ ਕਰਦੇ ਹਾਂ ਤਾਂ ਇਨ੍ਹਾਂ ਸੂਰਬੀਰਾਂ ਦੀ ਕੁਰਬਾਨੀ ਨੂੰ ਅੱਖੋਂ ਓਹਲੇ ਨਹੀਂ ਕਰ ਸਕਦੇ। ਇਥੇ ਅਸੀਂ ਪ੍ਰਾਪਤ ਸੀਮਤ ਸਮੱਗਰੀ ਦੇ ਆਧਾਰ 'ਤੇ ਇਨ੍ਹਾਂ ਦਾ ਜੀਵਨ-ਬ੍ਰਿਤਾਂਤ ਪੇਸ਼ ਕਰ ਰਹੇ ਹਾਂ:

**ਭਾਈ ਮਤੀ ਦਾਸ ਜੀ**

ਭਾਈ ਮਤੀ ਦਾਸ ਜੀ ਨੂੰ ਕਈ ਵਿਦਵਾਨਾਂ ਨੇ ਮਤੀ ਰਾਮ ਲਿਖਿਆ ਹੈ। ਭੱਟ ਵਹੀਆਂ ਅਨੁਸਾਰ ਭਾਈ ਮਤੀ ਦਾਸ ਭਾਈ ਪਿਰਾਗਾ ਦੇ ਖਾਨਦਾਨ ਵਿਚੋਂ ਸਨ। ਉਨ੍ਹਾਂ ਦੇ ਵੱਡੇ-ਵਡੇਰੇ ਕਰਿਆਲਾ, ਜਿਹਲਮ ਨਿਵਾਸੀ ਸਨ। ਭਾਈ ਗੁਰਦਾਸ ਜੀ ਨੇ ਭਾਈ ਪਿਰਾਗਾ ਦਾ ਜ਼ਿਕਰ ਪੰਜਵੇਂ ਪਾਤਸ਼ਾਹ ਦੇ ਸਿੱਖਾਂ ਦੀ ਸੂਚੀ ਵਿਚ ਕੀਤਾ ਹੈ 'ਪੁਰਖ ਪਿਰਾਗਾ ਸਬਦ ਅਧਾਰਾ'।

**ਭਾਈ ਮਤੀ ਦਾਸ, ਭਾਈ ਸਤੀ ਦਾਸ ਅਤੇ ਭਾਈ ਦਿਆਲਾ ਜੀ**

ਭਾਈ ਮਨੀ ਸਿੰਘ ਜੀ ਨੇ ਸਿੱਖਾਂ ਦੀ ਭਗਤ ਮਾਲ ਵਿਚ ਸਾਖੀ ਨੰ: ੧੧੦ਵਿਚ ਦੱਸਿਆ ਹੈ ਕਿ ਜਦੋਂ ਭਾਈ ਜੈਤਾ, ਭਾਈ ਨੰਦਾ ਤੇ ਭਾਈ ਪਿਰਾਗਾ ਸਾਹਿਬ ਪੰਜਵੀਂ ਪਾਤਸ਼ਾਹੀ ਦੇ ਹਜ਼ੂਰ ਆਏ ਤੇ ਅਰਦਾਸ ਕੀਤੀ ਤਾਂ ਬਚਨ ਹੋਇਆ ਕਿ ਇੰਦਰੀਆਂ ਨੂੰ ਸੰਕੋਚ ਕੇ ਸ੍ਵਾਸ-ਸ਼ਾਸ ਵਾਹਿਗੁਰੂ ਦਾ ਜਾਪ ਕਰੋ। ਤਾਂ ਉਹ ਇਸੇ ਪ੍ਰਕਾਰ ਵਰਤਣ ਲੱਗੇ। ਜਦ ਪੰਡਤਾਂ ਨੇ ਕਿਹਾ ਕਿ ਤੁਸੀਂ ਧਰਮ ਕਰਮ ਛੱਡ ਦਿੱਤਾ ਹੈ ਤਾਂ ਭਾਈ ਪਿਰਾਗਾ ਜੀ ਨੇ ਕਿਹਾ 'ਤੁਸੀਂ ਤਾਂ ਕਹਿੰਦੇ ਹੋ ਜਿਸ ਘਰ ਸੂਤਕ ਜਾਂ ਮ੍ਰਿਤਕ ਹੋਵੇ ਉਥੇ ਕਰਮ ਕੀਤੇ ਕੰਮ ਨਹੀਂ ਆਉਂਦੇ, ਸਾਡਾ ਅਗਿਆਨ ਪਿਤਾ ਮਰ ਗਿਆ ਹੈ ਅਤੇ ਗਿਆਨ ਪੁੱਤਰ ਜਨਮਿਆ ਹੈ। ਇਸ ਲਈ ਕਰਮ ਨਹੀਂ ਕਰਦੇ।

ਭਾਈ ਕਾਨ੍ਹ ਸਿੰਘ ਨਾਭਾ ਨੇ ਭਾਈ ਪਿਰਾਗਾ ਨੂੰ ਭਾਈ ਮਤੀ ਦਾਸ ਜੀ ਦਾ ਪਿਤਾ ਦੱਸਿਆ ਹੈ। ਪਰੰਤੂ ਭੱਟ ਵਹੀ ਮੁਲਤਾਨ ਸਿੰਧੀ ਵਿਚ ਭਾਈ ਮਤੀ ਦਾਸ ਜੀ ਦੀ ਬੰਸ ਬਾਰੇ ਇਸ ਤਰ੍ਹਾਂ ਲਿਖਿਆ ਹੋਇਆ ਹੈ:

'ਗੈਲੋ ਮਤੀ ਦਾਸ, ਸਤੀ ਦਾਸ ਬੇਟੇ ਹੀਰਾ ਨੰਦ ਕੇ, ਪੋਤੇ ਲੱਖੀ ਦਾਸ ਕੇ ਪੜਪੋਤੇ ਪਿਰਾਗਾ ਕੇ ਬੰਸ ਗੋਤਮ ਕਾ, ਸਾਰਤੀ ਭਾਗਵਤ ਗੋਤਰੇ ਛਿੱਬਰ ਬਾਹਮਣ ਮਾਰੇ ਗਏ। ÷

ਇਸ ਭੱਟ ਵਹੀ ਅਨੁਸਾਰ ਭਾਈ ਮਤੀ ਦਾਸ ਭਾਈ ਹੀਰਾ ਨੰਦ ਦੇ ਪੁੱਤਰ, ਭਾਈ ਲੱਖੀ ਦਾਸ ਦੇ ਪੋਤੇ ਅਤੇ ਭਾਈ ਪਿਰਾਗਾ ਜੀ ਦੇ ਪੜਪੋਤੇ ਹਨ ਆਪ ਭਾਈ ਸਤੀ ਦਾਸ ਜੀ ਦੇ ਵੱਡੇ ਭਰਾ ਹਨ। ਇਨ੍ਹਾਂ ਦੀ ਜਨਮ-ਤਾਰੀਖ ਵਿਆਹ ਆਦਿ ਬਾਰੇ ਕੋਈ ਹਵਾਲਾ ਨਹੀਂ ਮਿਲਦਾ।

ਇੰਨਾ ਜ਼ਰੂਰ ਪਤਾ ਲੱਗਦਾ ਹੈ ਕਿ ਭਾਈ ਹੀਰਾ ਨੰਦ ਜੀ ਨੇ ਆਪਣੇ ਦੋਵੇਂ ਪੁੱਤਰ ਮਤੀ ਦਾਸ ਤੇ ਸਤੀ ਦਾਸ ਗੁਰੂ ਹਰਿਰਾਇ ਜੀ ਦੀ ਸੇਵਾ ਵਿਚ ਲਿਆਂਦੇ ਤੇ ਗੁਰੂ ਮਹਾਰਾਜ ਦੀ ਸੌਂਪਣਾ ਵਿਚ ਦੇ ਕੇ ਆਪ ਅਕਾਲ ਚਲਾਣਾ ਕਰ ਗਏ। ਭਾਈ ਹੀਰਾ ਨੰਦ ਦੀਵਾਨ ਦਰਗਹ ਮਲ ਜੀ ਦੇ ਭਰਾ ਸਨ। ਦੀਵਾਨ ਦਰਗਹ ਮਲ ਅੱਠਵੇਂ ਪਾਤਸ਼ਾਹ ਗੁਰੂ ਹਰਿਕ੍ਰਿਸ਼ਨ ਜੀ ਦੇ ਵੇਲੇ ਦੀਵਾਨ ਸਨ।

ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਵੀ ਉਹਨਾਂ ਨੂੰ ਹੀ ਦੀਵਾਨੀ ਦੀ ਪਦਵੀ ਸੌਂਪੀ, ਪਰ ਦੀਵਾਨ ਦਰਗਹ ਮੱਲ ਜੀ ਨੇ ਵਡੇਰੀ ਉਮਰ ਹੋਣ ਕਾਰਨ ਇਹ ਕੰਮ ਸੰਭਾਲਣ ਤੋਂ ਅਸਮਰੱਥਾ ਪ੍ਰਗਟ ਕੀਤੀ ਅਤੇ ਆਪਣੇ ਭਤੀਜੇ ਮਤੀ ਦਾਸ ਨੂੰ ਦੀਵਾਨ ਬਨਾਉਣ ਦੀ ਸਿਫਾਰਸ਼ ਕੀਤੀ ਜੋ ਗੁਰੂ ਸਾਹਿਬ ਨੇ ਤੁਰੰਤ ਮੰਨ ਲਈ। ਦੀਵਾਨ ਮਤੀ ਦਾਸ ਜੀ ਫਾਰਸੀ ਦੇ ਵਿਦਵਾਨ ਸਨ ਤੇ ਦੀਵਾਨ ਦਾ ਕੰਮ ਅਖੀਰ ਤਕ ਕਰਦੇ ਰਹੇ। ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਔਰੰਗਜ਼ੇਬ ਨੇ ੧੬੬੫ ਈ: ਵਿਚ ਧਮਤਾਨ ਵਿਖੇ ਬੁਲਾਵਾ ਭੇਜਿਆ ਤਾਂ ਭਾਈ ਮਤੀ ਦਾਸ, ਭਾਈ ਸਤੀ ਦਾਸ, ਭਾਈ ਗੁਪਾਲ ਦਾਸ, ਭਾਈ ਸੰਗਤੀਆ, ਭਾਈ ਜੇਠਾ ਜੀ ਅਤੇ ਭਾਈ ਦਿਆਲ ਦਾਸ ਜੀ ਨਾਲ ਸਨ। ਇਹ ਸਾਰੇ ਸਿੱਖ ਗੁਰੂ ਜੀ ਦੇ ਨਾਲ ਦਿੱਲੀ ਪਹੁੰਚੇ। ਫਿਰ ਦੂਸਰੀ ਮੁਲਾਕਾਤ ਸਮੇਂ ੧੬੭੫ ਈ: ਵਿਚ ਭਾਈ ਮਤੀ ਦਾਸ, ਭਾਈ ਸਤੀ ਦਾਸ, ਭਾਈ ਦਿਆਲਾ ਜੀ, ਭਾਈ ਗੁਰਦਿੱਤਾ ਤੇ ਭਾਈ ਉਦਾ ਜੀ ਗੁਰੂ ਜੀ ਦੇ ਨਾਲ ਸਨ। ਦਿੱਲੀ ਵਿਖੇ ਤਿੰਨ ਸਿੱਖਾਂ ਭਾਈ ਮਤੀ ਦਾਸ, ਭਾਈ ਸਤੀ ਦਾਸ ਅਤੇ ਭਾਈ ਦਿਆਲਾ ਜੀ ਨੂੰ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਨਾਲ ਇਕ ਸੁੰਞੀ ਹਵੇਲੀ ਵਿਚ ਕੁਝ ਦਿਨ ਰੱਖਿਆ ਗਿਆ। ਭਾਈ ਗੁਰਦਿੱਤਾ ਜੀ ਤੇ ਭਾਈ ਊਦਾ ਜੀ ਨੂੰ ਗੁਰੂ ਜੀ ਨੇ ਆਪ ਹੀ ਨਾਲ ਪਕੜੇ ਜਾਣ ਤੋਂ ਰੋਕ ਦਿੱਤਾ ਸੀ। ਉਹਨਾਂ ਦੇ ਜਿਮੇਂ ਇਹ ਕੰਮ ਲਗਾਇਆ ਸੀ ਕਿ ਉਹ ਸਾਕੇ ਪਿਛੋਂ ਮੌਕਾ ਸੰਭਾਲਣ ਤੇ ਸ੍ਰੀ ਅਨੰਦਪੁਰ ਸਾਹਿਬ ਖ਼ਬਰ ਪਹੁੰਚਾਉਣ।

ਗੁਰੂ ਜੀ ਨੂੰ ਉਸ ਹਵੇਲੀ ਵਿਚ ਅਨੇਕਾਂ ਤਸੀਹੇ ਦਿੱਤੇ ਗਏ। ਉਹ ਹਵੇਲੀ ਇਤਨੀ ਪੁਰਾਣੀ, ਡਰਾਉਣੀ ਤੇ ਢੱਠੀ ਹੋਈ ਹਾਲਤ ਵਿਚ ਸੀ ਕਿ ਲੋਕ ਉਥੇ ਭੂਤਾਂ ਦਾ ਵਾਸਾ ਕਹਿੰਦੇ ਸਨ। ਗੁਰੂ ਜੀ ਨੂੰ ਡਰਾਉਣ ਧਮਕਾਉਣ ਦੇ ਅਨੇਕਾਂ ਯਤਨ ਕੀਤੇ ਗਏ ਪਰੰਤੂ ਗੁਰੂ ਸਾਹਿਬ ਤੇ ਕੋਈ ਅਸਰ ਨਾ ਹੋਇਆ। ਉਹਨਾਂ ਦੇ ਸਾਹਮਣੇ ਤਿੰਨ ਸ਼ਰਤਾਂ ਰੱਖੀਆਂ ਗਈਆਂ ਸਨ: ਦੀਨ ਕਬੂਲ ਕਰਨ, ਕਰਾਮਾਤ ਦਿਖਾਉਣ ਜਾਂ ਮੌਤ ਲਈ ਤਿਆਰ ਹੋਣ। ਉਹਨਾਂ ਦੇ ਅਨਿੰਨ ਸਿੱਖਾਂ ਨੂੰ ਉਹਨਾਂ ਦੇ ਸਾਹਮਣੇ ਅਣ-ਮਨੁੱਖੀ ਤਸੀਹੇ ਦਿੱਤੇ ਗਏ ਤਾਂ ਕਿ ਗੁਰੂ ਜੀ ਇਸਲਾਮ ਕਬੂਲ ਕਰ ਲੈਣ। ਪਰ ਕੀ ਉਹ ਗੁਰੂ ਜੀ ਜੋ ਦੂਸਰੇ ਧਰਮ ਦੀ ਰੱਖਿਆ ਖਾਤਰ ਆਪਾ ਕੁਰਬਾਨ ਕਰਨ ਲਈ ਪੇਸ਼ ਹੋਇਆ ਹੋਵੇ, ਆਪਣਾ ਧਰਮ ਤਿਆਗ ਸਕਦਾ ਹੈ? ਹਰਗਿਜ਼ ਨਹੀਂ! ਦੂਸਰੀ ਸ਼ਰਤ ਪ੍ਰਤੀ ਗੁਰੂ ਜੀ ਦੇ ਵਿਚਾਰ ਸਨ ਕਿ ਕਰਾਮਾਤ ਕਹਿਰ ਦਾ ਨਾਂ ਹੈ ਤੇ ਇਹ ਵਾਹਿਗੁਰੂ ਦੇ ਭਾਣੇ ਦੇ ਵਿਰੁੱਧ ਹੈ ਅਤੇ ਤੀਸਰੀ ਸ਼ਰਤ ਉਹਨਾਂ ਨੂੰ ਪ੍ਰਵਾਨ ਸੀ, ਉਹਨਾਂ ਨੇ ਹੱਸ-ਹੱਸ ਸ਼ਹਾਦਤ ਦਾ ਜਾਮ ਪੀਤਾ।

ਗੁਰੂ ਜੀ ਨੂੰ ਤਸੀਹੇ ਝਲਦਿਆਂ ਦੇਖ ਕੇ ਭਾਈ ਮਤੀ ਦਾਸ ਜੀ ਨੇ ਆਗਿਆ ਮੰਗੀ ਕਿ ਜੇ ਹੁਕਮ ਕਰੋ ਤਾਂ ਦਿੱਲੀ ਲਾਹੌਰ ਦੀ ਇੱਟ ਨਾਲ ਇੱਟ ਵਜਾ ਦਿਆਂ। ਗੁਰੂ ਜੀ ਨੇ ਪੁਛਿਆ ਕਿ ਸਾਰੀ ਸ਼ਕਤੀ ਕਿਥੋਂ ਲਈ? ਭਾਈ ਜੀ ਨੇ ਕਿਹਾ ਕਿ ਗੁਰੂ-ਚਰਨਾਂ ਤੋਂ, ਤਾਂ ਆਪ ਜੀ ਨੇ ਫਰਮਾਇਆ ਕਿ ਇਹ ਹੀ ਭਗਤਾਂ, ਸੰਤਾਂ ਅਤੇ ਵਾਹਿਗੁਰੂ ਦੇ ਪਿਆਰਿਆਂ ਵਿਚ ਘਾਟ ਹੈ ਕਿ ਥੋੜ੍ਹੀ ਜਿਹੀ ਸ਼ਕਤੀ ਪਾ ਕੇ ਆਪਾ ਜਨਾਉਣ ਲੱਗ ਪੈਂਦੇ ਹਨ। ਜਿਸ ਸਮੁੰਦਰ ਤੋਂ ਜਲ ਦਾ ਤੁਪਕਾ ਪੀ ਸ਼ਕਤੀਵਾਨ ਹੁੰਦੇ ਹਨ, ਉਸੇ ਸਾਗਰ ਅੱਗੇ ਹੰਕਾਰ ਦੇ ਬਚਨ ਬੋਲਣ ਲੱਗ ਪੈਂਦੇ ਹਨ। ਸਿੱਖ, ਗੁਰੂ, ਭਗਤ ਅਤੇ ਨਾਮੀ ਪੁਰਸ਼ ਨੂੰ ਚਾਹੀਦਾ ਹੈ ਕਿ ਉਹ ਸਦਾ ਨਿਮਰਤਾ ਵਿਚ ਰਹਿੰਦਾ ਹੋਇਆ ਵਾਹਿਗੁਰੂ ਦੀ ਰਜ਼ਾ ਵਿਚ ਰਹੇ। ਗੁਰੂ ਜੀ ਦੇ ਬਚਨ ਸੁਣ ਕੇ ਭਾਈ ਸਾਹਿਬ ਚੁਪ ਹੋ ਗਏ।

ਭਾਈ ਮਤੀ ਦਾਸ ਜੀ ਦੇ ਕਰਾਮਾਤ ਦਿਖਾਉਣ ਦੇ ਬਚਨ ਅਹਿਲਕਾਰਾਂ ਨੇ ਸੁਣ ਲਏ ਸਨ ਤੇ ਉਹਨਾਂ ਨੇ ਔਰੰਗਜ਼ੇਬ ਦੇ ਕੰਨੀਂ ਜਾ ਖਬਰ ਪਾਈ। ਜਦੋਂ ਔਰੰਗਜ਼ੇਬ ਨੇ ਕਿਹਾ ਕਿ ਆਪ ਨੇ ਕਰਾਮਾਤ ਦਿਖਾਉਣ ਲਈ ਕਿਹਾ ਸੀ ਜੇ ਸੱਚ, ਹੈ ਤਾਂ ਕਿਲ੍ਹੇ ਦੀ ਪੂਰਬੀ ਕੰਧ ਹਿਲਾ ਕੇ ਦਿਖਾ। ਭਾਈ ਮਤੀ ਦਾਸ ਨੇ ਕਿਹਾ ਕਿ ਹੈ ਤਾਂ ਸੱਚ ਪਰ ਮੈਂ ਗੁਰੂ ਦੇ ਹੁਕਮ ਤੋਂ ਬਿਨਾਂ ਕੁਝ ਨਹੀਂ ਕਰ ਸਕਦਾ। 'ਗੁਰੂ' ਦੀ ਆਗਿਆ ਤੋਂ ਬਿਨਾਂ ਪਤਾ ਵੀ ਨਹੀਂ ਹਿਲ ਸਕਦਾ। ਭਾਈ ਸਾਹਿਬ ਦੇ ਅਜਿਹੇ ਬਚਨ ਸੁਣ ਕੇ ਔਰੰਗਜ਼ੇਬ ਅੱਗ ਬਬੂਲਾ ਹੋ ਗਿਆ ਅਤੇ ਸਖਤ ਤੋਂ ਸਖਤ ਸਜ਼ਾ ਦੇਣ ਦਾ ਹੁਕਮ ਦਿੱਤਾ। ਭਾਈ ਸਾਹਿਬ ਨੂੰ ਇਸਲਾਮ ਕਬੂਲ ਕਰਨ ਲਈ ਕਿਹਾ ਗਿਆ ਪਰ ਆਪ ਨੇ ਸਾਫ ਇਨਕਾਰ ਕਰ ਦਿੱਤਾ ਤੇ ਆਪਾ ਕੁਰਬਾਨ ਕਰਨ ਲਈ ਤਿਆਰ ਹੋ ਗਏ। ਜਲਾਦਾਂ ਨੇ ਭਾਈ ਜੀ ਕੋਲੋਂ ਆਖਰੀ ਮੰਗ ਪੁੱਛੀ ਤਾਂ ਉਹਨਾਂ ਨੇ ਕੇਵਲ ਇਹ ਹੀ ਕਿਹਾ ਕਿ ਜਦੋਂ ਉਹਨਾਂ ਨੂੰ ਆਰੇ ਨਾਲ ਚੀਰਿਆ ਜਾਏ ਤਾਂ ਉਨ੍ਹਾਂ ਦਾ ਮੂੰਹ ਗੁਰੂ ਸਾਹਿਬ ਵੱਲ ਹੋਵੇ। ਲੱਕੜ ਦੇ ਦੋ ਫੱਟਿਆਂ ਵਿਚ ਭਾਈ ਸਾਹਿਬ ਨੂੰ ਫਿੱਟ ਕਰ ਦਿੱਤਾ ਗਿਆ।

ਜਦੋਂ ਭਾਈ ਜੀ ਨੂੰ ਕਲਮਾ ਪੜ੍ਹਨ ਲਈ ਕਿਹਾ ਗਿਆ ਤਾਂ ਉਹ ਗੁਰਮੰਤਰ ਵਾਹਿਗੁਰੂ ਉਚਾਰਦੇ ਰਹੇ। ਸਤਿਗੁਰੂ ਜੀ ਸਿੱਖ ਦੇ ਮਨ ਨੂੰ ਅਡੋਲ ਰੱਖਣ ਲਈ ਬਾਣੀ ਪੜ੍ਹਦੇ ਰਹੇ। ਕਲਮਾ ਨਾ ਪੜ੍ਹਨ ਕਰਕੇ ਭਾਈ ਮਤੀ ਦਾਸ ਜੀ ਦੇ ਸਰੀਰ 'ਤੇ ਆਰਾ ਚਲਾਇਆ ਗਿਆ। ਭਾਈ ਸਾਹਿਬ ਨੂੰ ਆਰੇ ਨਾਲ ਲੱਕੜ ਦੀ ਤਰ੍ਹਾਂ ਚੀਰ ਦਿੱਤਾ। ਜਦੋਂ ਗੁਰੂ ਜੀ ਨੇ ਜਪੁਜੀ ਦਾ ਭੋਗ ਪਾਇਆ ਤਾਂ ਭਾਈ ਮਤੀ ਦਾਸ ਜੀ ਦੀ ਆਤਮਾ ਪੰਜ ਭੂਤਕ ਸਰੀਰ ਨੂੰ ਤਿਆਗ ਕੇ ਗੁਰੂ-ਚਰਨਾਂ ਵਿਚ ਜਾ ਨਿਵਾਜੀ। ਭਾਈ ਸਾਹਿਬ ਦੀ ਸ਼ਹੀਦੀ ਨੂੰ ਦੇਖ ਕੇ ਦਰਦਮੰਦ ਮੁਸਲਮਾਨ ਅਹਿਲਕਾਰਾਂ ਨੇ ਕਿਹਾ ਕਿ ਇਸ ਧਰਮ ਦਾ ਕਦੇ ਅੰਤ ਨਹੀਂ ਹੋ ਸਕਦਾ।

**ਭਾਈ ਸਤੀ ਦਾਸ ਜੀ**

ਸਿੱਖ ਸ਼ਹੀਦੀ ਕਤਾਰ ਇਤਨੀ ਲੰਮੇਰੀ ਹੈ ਕਿ ਕਈ ਸ਼ਹੀਦ ਅਣਗੌਲੇ ਹੀ ਰਹਿ ਗਏ ਹਨ, ਜਿਨ੍ਹਾਂ ਵਿਚੋਂ ਭਾਈ ਸਤੀ ਦਾਸ ਜੀ ਇਕ ਹਨ। ਪੰਥ ਪ੍ਰਕਾਸ਼ ਦੇ ਕਰਤਾ ਗਿਆਨੀ ਗਿਆਨ ਸਿੰਘ ਜੀ ਨੇ ਭਾਈ ਸਤੀ ਦਾਸ ਜੀ ਦੀ ਸ਼ਹੀਦੀ ਦਾ ਕੋਈ ਜ਼ਿਕਰ ਨਹੀਂ ਕੀਤਾ ਅਤੇ ਮੋਹਨ ਸਿੰਘ ਕੁਮਾਰ ਵੀ ਭਾਈ ਸਤੀ ਦਾਸ ਜੀ ਦੀ ਸ਼ਹੀਦੀ ਦਾ ਕੋਈ ਵਰਣਨ ਨਹੀਂ ਕਰਦਾ। ਪਰੰਤੂ, ਭੱਟ ਵਹੀਆਂ ਦੇ ਆਧਾਰ 'ਤੇ ਕੀਤੀ ਖੋਜ ਅਧਾਰਤ ਭਾਈ ਸਤੀ ਦਾਸ ਭਾਈ ਮਤੀ ਦਾਸ ਜੀ ਦੇ ਨਾਲ ਸਨ। ਇਹ ਸਦਾ ਆਪਣੇ ਵੱਡੇ ਭਰਾ ਭਾਈ ਮਤੀ ਦਾਸ ਜੀ ਦੇ ਨਾਲ ਰਹੇ। ਇਹ ਭਾਈ ਮਤੀ ਦਾਸ ਜੀ ਦੇ ਨਾਲ ਗੁਰੂ ਹਰਿਰਾਇ ਜੀ ਦੇ ਦਰਬਾਰ ਆਏ। ਆਪ ਫਾਰਸੀ ਦੇ ਵਿਦਵਾਨ ਸਨ। ਗੁਰੂ ਤੇਗ ਬਹਾਦਰ ਜੀ ਦੀ ਔਰੰਗਜ਼ੇਬ ਨਾਲ ਪਹਿਲੀ ਤੇ ਦੂਸਰੀ ਮੁਲਾਕਾਤ ਸਮੇਂ ਭਾਈ ਸਤੀ ਦਾਸ ਜੀ ਦੇ ਨਾਲ ਸਨ। ਆਪ ਜੀ ਨੇ ਆਪਣੇ ਵੱਡੇ ਭਰਾ ਦੀ ਤਰ੍ਹਾਂ ਅਨੇਕਾਂ ਤਸੀਹੇ ਝੱਲੇ। ਆਪ ਜੀ ਨੇ ਆਖਰੀ ਸਮੇਂ ਦਾ ਸਾਰਾ ਬ੍ਰਿਤਾਂਤ ਨੋਟ ਕੀਤਾ, ਪਰੰਤੂ ਅਹਿਲਕਾਰਾਂ ਨੇ ਖੋਹ ਲਿਆ।

ਆਪ ਜੀ ਨੇ ਵੱਡੇ ਭਰਾ ਭਾਈ ਮਤੀ ਦਾਸ ਜੀ ਦੇ ਪਾਏ ਹੋਏ ਪੂਰਨਿਆਂ 'ਤੇ ਚਲਦਿਆਂ ਹੋਇਆਂ ਹੱਸ-ਹੱਸ ਸ਼ਹੀਦੀ ਦਾ ਜਾਮ ਪੀਤਾ। ਭਾਈ ਸਤੀ ਦਾਸ ਜੀ ਨੂੰ ਰੂੰ ਵਿਚ ਲਪੇਟ ਅੱਗ ਲਗਾ ਕੇ ਸ਼ਹੀਦ ਕੀਤਾ ਗਿਆ। ਆਪ ਜੀ ਨੇ ਸਿੱਖ ਸ਼ਹੀਦੀ ਪ੍ਰੰਪਰਾ ਨੂੰ ਅੱਗੇ ਤੋਰਨ ਵਿਚ ਆਪਣਾ ਮਹੱਤਵਪੂਰਨ ਯੋਗਦਾਨ ਪਾਇਆ।

**ਭਾਈ ਦਿਆਲਾ ਜੀ**

ਭਾਈ ਦਿਆਲਾ ਜੀ ਨੂੰ ਕਈ ਵਿਦਵਾਨਾਂ ਨੇ ਦਿਆਲ ਦਾਸ ਲਿਖਿਆ ਹੈ। ਇਹ ਉਦੋ ਦੀਪ ਦੀ ਬੰਸ (ਪੰਵਾਰ ਰਾਜਪੂਤ) ਵਿਚ ਪੈਦਾ ਹੋਏ। ਭਾਈ ਦਿਆਲਾ ਜੀ ਮੁਲਤਾਨ ਦੇ ਨੇੜੇ ਅਲੀਪੁਰ ਦੇ ਰਹਿਣ ਵਾਲੇ ਸਨ। ਭਾਈ ਸਾਹਿਬ ਦੇ ਵੱਡੇ-ਵਡੇਰੇ ਬੜੇ ਪੱਕੇ ਗੁਰਸਿੱਖ ਸਨ। ਭਾਈ ਸਾਹਿਬ ਦੇ ਦਾਦੇ ਦਾ ਨਾਂ ਬਲੂਰਾਉ ਸੀ, ਜੋ ਛੇਵੇਂ ਗੁਰੂ ਜੀ ਦਾ ਇਕ ਬਲਵਾਨ ਯੋਧਾ ਸੀ। ਇਹ ਗੁਰੂ ਜੀ ਦੀ ਤਰਫੋਂ ਅੰਮ੍ਰਿਤਸਰ ਦੀ ਲੜਾਈ ਵਿਚ ਲੜਿਆ ਸੀ। ਇਹਨਾਂ ਦੇ ਪਿਤਾ ਦਾ ਨਾਂ ਮਾਈ ਦਾਸ ਸੀ। ਇਹ ਭਾਈ ਮਨੀ ਸਿੰਘ ਜੀ ਦੇ ਵੱਡੇ ਭਰਾ ਸਨ। ਭਾਈ ਦਿਆਲਾ ਜੀ ੧੫ ਸਾਲ ਦੀ ਉਮਰ ਦੇ ਸਨ, ਜਦ ਉਹਨਾਂ ਦੇ ਪਿਤਾ ਭਾਈ ਮਾਈ ਦਾਸ ਨੇ ਆਪਣੇ ਹੋਰ ਦੋ ਪੁੱਤਰਾਂ ਨਾਲ ਉਹਨਾਂ ਨੂੰ ਗੁਰੂ ਹਰਿ ਰਾਇ ਜੀ ਦੀ ਸੇਵਾ ਵਿਚ ਲਿਆਂਦਾ।

ਆਪ ਜੀ ਨੇ ਸ੍ਰੀ ਗੁਰੂ ਹਰਿਰਾਇ ਤੇ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਦੀ ਰੱਜ ਕੇ ਸੇਵਾ ਕੀਤੀ। ਫੇਰ ਦੀਵਾਨ ਦਰਗਹ ਮੱਲ ਦੀ ਸਿਫਾਰਸ਼ 'ਤੇ ਗੁਰੂ ਤੇਗ ਬਹਾਦਰ ਜੀ ਨੇ ਆਪ ਨੂੰ ਘਰਬਾਰੀ ਵਜ਼ੀਰ ਥਾਪਿਆ। ਆਪ ਜੀ ਨੇ ਗੁਰੂ ਮਹਾਰਾਜ ਜੀ ਦੀ ਬੜੀ ਸੇਵਾ ਕੀਤੀ ਤੇ ਉਹਨਾਂ ਦਾ ਇਤਨਾ ਇਤਬਾਰ ਤੇ ਪਿਆਰ ਪ੍ਰਾਪਤ ਕੀਤਾ ਕਿ ਗੁਰੂ ਮਹਾਰਾਜ ਪਟਨੇ ਅੱਪੜ ਕੇ ਸਾਰੇ ਪਰਿਵਾਰ ਨੂੰ ਇਹਨਾਂ ਦੀ ਸੌਂਪਣੀ ਵਿਚ ਛੱਡ ਕੇ ਆਪ ਪੂਰਬ ਯਾਤਰਾ ਲਈ ਚਲੇ ਗਏ। ਆਪ ਜੀ ਨੇ ਗੁਰੂ ਜੀ ਦੀ ਹਰ ਆਗਿਆ ਦਾ ਪਾਲਣ ਖੜ੍ਹੇ ਪੈਰ ਕੀਤਾ। ਗੁਰੂ ਜੀ ਆਪ ਨੂੰ ਭਾਈ ਜੀ ਕਹਿੰਦੇ ਸਨ। ਭਾਈ ਦਿਆਲਾ ਜੀ 'ਤੇ ਗੁਰੂ ਜੀ ਬਹੁਤ ਵਿਸ਼ਵਾਸ ਕਰਦੇ ਸਨ। ਭਾਈ ਦਿਆਲਾ ਜੀ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਔਰੰਗਜ਼ੇਬ ਨਾਲ ਪਹਿਲੀ ਤੇ ਦੂਸਰੀ ਮੁਲਾਕਾਤ ਸਮੇਂ ਨਾਲ ਸਨ। ਜਦੋਂ ਭਾਈ ਮਤੀ ਦਾਸ ਤੇ ਭਾਈ ਸਤੀ ਦਾਸ ਜੀ ਨੂੰ ਸ਼ਹੀਦ ਕੀਤਾ ਗਿਆ ਤਾਂ ਆਪ ਜੀ ਨੂੰ ਉਸ ਸਮੇਂ ਉਬਲਦੀ ਦੇਗ ਵਿਚ ਬੈਠਣ ਦਾ ਹੁਕਮ ਹੋਇਆ। ਆਪ ਜੀ ਨੂੰ ਕਲਮਾ ਪੜ੍ਹਨ ਲਈ ਕਿਹਾ ਗਿਆ ਤਾਂ ਆਪ ਜੀ ਨੇ ਕਿਹਾ ਕਿ ਸਾਡੇ ਪਹਿਲੇ ਗੁਰੂ ਨਾਨਕ ਦੇਵ ਜੀ ਨੇ ਬਾਬਰ ਨੂੰ ਨੇਕ ਰਹਿਣੀ ਦੀ ਸਿਖਿਆ ਦਿੱਤੀ। ਪੰਜਵੇਂ ਗੁਰੂ ਕਲਮਾ ਨਾ ਪੜ੍ਹਨ ਖਾਤਰ ਤੱਤੀਆਂ ਲੋਹਾਂ 'ਤੇ ਬੈਠੇ, ਦੇਗਾਂ ਵਿਚ ਉਬਲੇ ਪਰੰਤੂ ਆਪਣਾ ਧਰਮ ਨਹੀਂ ਹਾਰਿਆ। ਇਸ ਲਈ ਮੈਂ ਹੋਰ ਕੋਈ ਕਲਮਾ ਪੜ੍ਹਨ ਨੂੰ ਤਿਆਰ ਨਹੀਂ। ਜਦੋਂ ਬਾਦਸ਼ਾਹ ਨੇ ਅਜਿਹੇ ਬਚਨ ਸੁਣੇ ਤਾਂ ਆਪ ਜੀ ਨੂੰ ਦੇਗ ਵਿਚ ਉਬਾਲੇ ਜਾਣ ਦਾ ਹੁਕਮ ਹੋਇਆ। ਸ਼ਾਹੀ ਹੁਕਮ ਨਾਲ ਹੱਥ ਪੈਰ ਬੰਨ੍ਹ ਕੇ ਉਬਲਦੇ ਤੇਲ ਦੇ ਕੜਾਹੇ 'ਚ ਸੁੱਟ ਕੇ ਸ਼ਹੀਦ ਕੀਤਾ ਗਿਆ। ਇਸ ਧਰਮਵੀਰ ਨੇ ਇਸ ਘੋਰ ਦੁੱਖ ਨੂੰ ਤੁੱਛ ਕਰਕੇ ਜਾਣਿਆ ਅਤੇ ਗੁਰਬਾਣੀ ਦਾ ਪਾਠ ਕਰਦਾ ਰਿਹਾ। ਉਨ੍ਹਾਂ ਦੀ ਆਤਮਾ ਵਾਹਿਗੁਰੂ ਕੋਲ ਚਲੀ ਗਈ ਤੇ ਪੰਜ ਭੂਤਕ ਸਰੀਰ ਕੜਾਹੇ ਵਿਚ ਉਬਾਲੇ ਖਾਂਦਾ ਰਿਹਾ। ਉਨ੍ਹਾਂ ਨੇ ਆਪਣਾ ਧਰਮ ਅੰਤਮ ਸਵਾਸਾਂ ਤਕ ਨਿਭਾਇਆ।

ਇਨ੍ਹਾਂ ਸ਼ਹੀਦਾਂ ਦਾ ਨਾਂ ਸਿੱਖ-ਇਤਿਹਾਸ ਵਿਚ ਹਮੇਸ਼ਾਂ ਰੋਸ਼ਨ ਚਿਰਾਗ ਦੀ ਤਰ੍ਹਾਂ ਚਮਕਦਾ ਰਹੇਗਾ।

(ਪ੍ਰਮੁੱਖ ਸਿੱਖ ਸ਼ਖ਼ਸੀਅਤਾਂ ਵਿੱਚੋਂ ਧੰਨਵਾਦ ਸਹਿਤ)

**ਬੀ. ਮਲਕਿੰਦਰ ਕੌਰ**

# ਪਰਮ ਪੁਰਖ ਕੋ ਦਾਸਾ

ਮੈ ਹੋ ਪਰਮ ਪੁਰਖ ਕੋ ਦਾਸਾ ॥ਦੇਖਨ ਆਯੋ ਜਗਤ ਤਮਾਸਾ ॥
ਜੋ ਪ੍ਰਭ ਜਗਤਿ ਕਹਾ ਸੋ ਕਹਿਹੋਂ ॥
ਮ੍ਰਿਤ ਲੋਕ ਤੇ ਮੋਨ ਨ ਰਹਿਹੋਂ ॥
(ਬਚਿਤ੍ਰ ਨਾਟਕ)

ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਫ਼ਲਸਫ਼ੇ ਨੂੰ ਸਮਝਣ ਤੇ ਸਮਝਾਉਣ ਲਈ ਸਭ ਤੋਂ ਮੁੱਲਵਾਨ ਰਚਨਾ 'ਬਚਿਤ੍ਰ ਨਾਟਕ' ਹੈ।ਡਾ. ਹਰਭਜਨ ਸਿੰਘ ਅਨੁਸਾਰ 'ਬਚਿਤ੍ਰ ਨਾਟਕ ਤੋਂ ਸਤਿਗੁਰਾਂ ਦਾ ਭਾਵ ਬਚਿਤ੍ਰ ਘਟਨਾਵਾਂ ਤੋਂ ਹੈ ਜੋ ਜਗਤ ਦੀ ਉਤਪਤੀ ਤੋਂ ਲੈ ਕੇ ਉਨ੍ਹਾਂ ਦੇ ਸਮੇਂ ਤਕ ਧਰਤੀ ਦੇ ਰੰਗ ਮੰਚ 'ਤੇ ਘਟ ਰਹੀਆਂ ਹਨ।'

'ਮਹਾਨ ਕੋਸ਼' ਦੇ ਕਰਤਾ ਨੇ ਇਸ ਨੂੰ ਅਜੀਬ ਦ੍ਰਿਸ਼ਯਾ ਕਾਵਿ ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਕੁਝ ਹਾਲ ਕਿਹਾ ਹੈ।

ਬਚਿਤ੍ਰ ਨਾਟਕ ਵਿਚ ਰਹੱਸਮਈ ਸੰਦੇਸ਼ ਤੇ ਇਤਿਹਾਸ ਹੈ। ਪਰਮ ਪੁਰਖ ਦੇ ਦਾਸ ਕਲਗੀਧਰ ਪਾਤਸ਼ਾਹ ਇਸ ਜਗਤ ਤਮਾਸ਼ੇ ਨੂੰ ਕਿਸ ਦ੍ਰਿਸ਼ਟੀ ਤੋਂ ਦੇਖਦੇ ਹਨ, ਇਹ ਸਮਝਣ ਦੀ ਲੋੜ ਹੈ।ਭੱਟ ਸਾਹਿਬਾਨ ਦੀ ਬਾਣੀ ਵਿਚ ਅੰਕਤ ਹੈ:

ਕੀਆ ਖੇਲੁ ਬਡ ਮੇਲੁ ਤਮਾਸਾ ਵਾਹਿਗੁਰੂ ਤੇਰੀ ਸਭ ਰਚਨਾ ॥(ਅੰਗ ੧੪੦੩)

ਭਾਵ-ਹੇ ਵਾਹਿਗੁਰੂ ! ਤੂੰ ਹੀ ਤੱਤਾਂ ਦਾ ਵੱਡਾ ਸੰਜੋਗ ਕਰ ਕੇ ਜਗਤ ਦਾ ਤਮਾਸ਼ਾ ਜਾਂ ਖੇਲ ਸਿਰਜਿਆ ਹੈ।ਦਾਨਿਆਂ ਦਾ ਕਥਨ ਹੈ ਕਿ ਨਜ਼ਰ ਸਭਨਾਂ ਪਾਸ ਹੈ, ਪਰ ਨਜ਼ਰੀਆ ਭਿੰਨ-ਭਿੰਨ ਹੁੰਦਾ ਹੈ। ਜਿਵੇਂ ਅਨੁਭਵੀ ਕਵੀ ਭਾਈ ਵੀਰ ਸਿੰਘ ਨੇ 'ਕਲਗੀਧਰ ਚਮਤਕਾਰਾ ਵਿਚ ਪੀਰ ਭੀਖਣ ਸ਼ਾਹ ਦੀ ਕਥਾ ਵਰਣਨ ਕਰਦਿਆਂ ਦੋ ਕੁੱਜੀਆਂ ਵਾਲਾ ਪ੍ਰਸੰਗ ਦਿੱਤਾ ਹੈ ਕਿ ਇਕ ਵਿਚ ਦੁੱਧ ਤੇ ਦੂਜੀ ਵਿਚ ਪਾਣੀ ਪਾ ਕੇ ਦੈਵੀ ਬਾਲਕ ਦੇ ਅੱਗੇ ਕੀਤਾ, ਪਰ ਕੋਤਕਹਾਰ ਬਾਲਕ ਨੇ ਦੋਨੋਂ ਉਲਟਾ ਦਿੱਤੀਆਂ। ਪਾਣੀ ਤੇ ਦੁੱਧ ਡੁੱਲ ਕੇ ਮਿਲ ਕੇ ਇਕ ਹੋ ਗਏ।ਪਰਤੱਖ ਉਪਦੇਸ਼ ਦੇ ਦਿੱਤਾ ਕਿ ਤੁਅੱਸਬ ਦੀ ਕੁੱਜੀ ਮੁਸਲਮਾਨਾਂ ਦੀ ਅਰ ਵਰਣਾਮ ਦੇ ਹੱਠ ਦੀ ਕੁੱਜੀ ਹਿੰਦੂਆਂ ਦੀ ਤੋੜ ਕੇ ਜਲ-ਦੁੱਧ ਨੂੰ ਇਕ ਖ਼ਾਲਸਾ ਕਰ ਦਿਆਂਗੇ।ਜਲ ਦੁੱਧ ਦੀ ਪ੍ਰੀਤ ਮਸ਼ਹੂਰ ਹੈ ਦੁੱਧ ਅੱਗ 'ਤੇ ਧਰੋ ਤਾਂ ਪਾਣੀ ਸੜਦਾ ਹੈ, ਦੁੱਧ ਨੂੰ ਨਹੀਂ ਸੜਨ ਦੇਂਦਾ, ਦੁੱਧ ਆਪਣੇ ਪਿਆਰੇ ਦਾ ਦੁੱਖ ਦੇਖ ਕੇ ਉਛਲਦਾ ਤੇ ਆਪ ਅੱਗ 'ਤੇ ਪੈ ਕੇ ਉਸ ਨੂੰ ਬੁਝਾ ਦੇਂਦਾ ਹੈ ਤੇ ਉਛਲਦੇ ਨੂੰ ਫੇਰ ਪਾਣੀ ਮਿਲ ਜਾਏ ਤਾਂ ਖ਼ੁਸ਼ ਹੋ ਕੇ ਮੁੜ ਜਾਂਦਾ ਹੈ।ਅੱਗੇ ਭਾਈ ਸਾਹਿਬ ਲਿਖਦੇ ਹਨ ਕਿ ਫ਼ਕੀਰ ਦੀ ਆਯੂ ਹੋ ਚੁੱਕੀ ਸੀ, ਨਹੀਂ ਤਾਂ ਵੇਖਦਾ ਕਿ ਇਸ ਵਾਹਿਗੁਰੂ ਦੇ ਨਿਵਾਜੇ ਬਾਲਕ ਨੇ ਕਿਸ ਤਰ੍ਹਾਂ ਲੋਕਾਂ ਵਿੱਚੋਂ ਮੈਂ ਕੱਢ ਕੇ ਸੀਸ ਭੇਟ ਲੀਤੇ ਅਰ ਕਿਸ ਤਰ੍ਹਾਂ 'ਅੰਮ੍ਰਿਤ' ਸਾਜ ਕੇ ਸ੍ਰਿਸ਼ਟੀ ਮਾਤਰ ਨੂੰ ਜੋੜਨ ਲਈ ਮਾਨੋ ਜੋੜਵਾਂ ਮਸਾਲਾ ਤਿਆਰ ਕਰ ਦਿੱਤਾ। ਇਹਨੂੰ ਅਨੁਭਵੀ ਹਿਰਦਿਆਂ ਦੇ ਬੋਲ ਕਿਹਾ ਜਾ ਸਕਦਾ ਹੈ।

ਇਥੇ ਅਰੰਭ ਵਿਚ ਦਿੱਤੀਆਂ ਪੰਕਤੀਆਂ ਦਾ ਭਾਵ ਅਰਥ ਹੈ ਕਿ ਮੈਂ ਉਸ ਅਕਾਲ ਪੁਰਖ ਦਾ ਦਾਸ ਹਾਂ ਤੇ ਇਸ ਜਗਤ ਦਾ ਖੇਲ ਤਮਾਸ਼ਾ ਦੇਖਣ ਆਇਆ ਹਾਂ।ਜੋ ਪ੍ਰਭੂ ਨੇ ਸੰਸਾਰੀ ਲੋਕਾਂ ਲਈ ਸੰਦੇਸ਼ ਦਿੱਤਾ ਹੈ, ਉਹੀ ਸੰਦੇਸ਼ ਦਿਆਂਗਾ ਅਤੇ ਇਸ ਲੋਕ ਵਿਚ ਕਿਸੇ ਤੋਂ ਡਰ ਕੇ ਚੁੱਪ (ਮੋਨਿ) ਨਹੀਂ ਰਹਾਂਗਾ। ਉਹ 'ਬਚਿਤ੍ਰ ਨਾਟਕ ਦੇ ਛੇਵੇਂ ਅਧਿਆਇ ਵਿਚ ਹੈ। ਅੱਗੇ ਸਤਿਗੁਰੂ ਫ਼ਰਮਾਉਂਦੇ ਹਨ:

ਕਹਿਓ ਪ੍ਰਭੂ ਸੁ ਭਾਖਿ ਹੋਂ ॥ਕਿਸੂ ਨ ਕਾਨ ਰਾਖਿ ਹੋਂ ॥
ਕਿਸੂ ਨ ਭੇਖ ਭੀਜ ਹੈਂ ॥ਅਲੇਖ ਬੀਜ ਬੀਜ ਹੈਂ ॥

ਭਾਵ-ਮੈਨੂੰ ਜੋ ਪ੍ਰਭੂ ਨੇ ਕਿਹਾ, ਉਹੀ ਕਰਾਂਗਾ, ਮੈਂ ਕਿਸੇ ਦੀ ਪਰਵਾਹ (ਕਾਨ) ਨਹੀਂ ਕਰਾਂਗਾ। ਕਿਸੇ ਹੋਰ ਦੇ ਭੇਖ ਵਿਚ ਨਹੀਂ ਭਿੱਜਾਂਗਾ ਅਤੇ ਪ੍ਰਭੂ ਦੇ ਨਾਮ ਦਾ ਹੀ ਬੀਜ ਬੀਜਾਂਗਾ।

ਅੱਗੇ ਕਲਗੀਧਰ ਪਾਤਸ਼ਾਹ ਫ਼ਰਮਾਉਂਦੇ ਹਨ ਕਿ ਹੇ ਪ੍ਰਭੂ ! ਮੈਂ ਤੇਰੇ ਨਾਮ ਦੇ ਰੰਗ ਵਿਚ ਹੀ ਰੰਗਿਆ ਰਹਾਂਗਾ ਅਤੇ ਕਿਸੇ ਵੀ ਹੋਰ ਦੇਵੀ-ਦੇਵਤੇ ਜਾਂ ਮਤ ਨੂੰ ਨਹੀਂ ਮੰਨਾਂਗਾ।ਤੇਰੇ ਪਵਿੱਤਰ ਧਿਆਨ ਵਿਚ ਮੁਗਧ ਹੋ ਕੇ ਸਮੂਹ ਪਾਪਾਂ ਕਸ਼ਟਾਂ ਨੂੰ ਦੂਰ ਕਰ ਲਵਾਂਗਾ:

ਤਵੱਕ ਨਾਮ ਰਤਿਯੰ ॥ਨ ਆਨ ਮਾਨ ਮੱਤਿਯੰ ॥
ਪਰਮ ਧਯਾਨ ਧਾਰੀਯੰ ॥ਅਨੰਤ ਪਾਪ ਟਾਰਯੰ ॥
(ਬਚਿਤ੍ਰ ਨਾਟਕ)

ਉਪਰੰਤ ਕਲਗੀਧਰ ਪਾਤਸ਼ਾਹ ਜੀ ਦੇ ਜੀਵਨ ਦਾ ਮਨੋਰਥ ਧਰਮ ਚਲਾਵਨ ਸੰਤ ਉਬਾਰਨ ਹੈ।ਸਤਿਗੁਰੂ ਜੀ ਫਰਮਾਉਂਦੇ ਹਨ:

ਹਮ ਇਹ ਕਾਜ ਜਗਤ ਮੋ ਆਏ ॥
ਧਰਮ ਹੇਤ ਗੁਰਦੇਵ ਪਠਾਏ ॥ਜਹਾਂ ਤਹਾਂ ਤੁਮ ਧਰਮ ਬਿਥਾਰੋ ॥
ਦੁਸਟ ਦੋਖੀਅਨਿ ਪਕਰਿ ਪਛਾਰੋ ॥(ਬਚਿਤ੍ਰ ਨਾਟਕ)

ਭਾਵ - ਮੈਂ ਇਸ ਕਾਰਜ ਨੂੰ ਪੂਰਨ ਕਰਨ ਵਾਸਤੇ ਸੰਸਾਰ ਵਿਚ ਆਇਆ ਹਾਂ।ਸੱਚੇ ਧਰਮ ਦਾ ਸਹੀ ਮਾਰਗ ਚਲਾਉਣ ਲਈ ਮੈਨੂੰ ਗੁਰਦੇਵ ਭਾਵ ਅਕਾਲ ਪੁਰਖ ਨੇ ਸੰਸਾਰ ਵਿਚ ਭੇਜਿਆ ਹੈ। ਇਹ ਅਕਾਲ ਦਾ ਹੁਕਮ ਹੈ ਕਿ ਜਹਾਂ-ਤਹਾਂ (ਸਭ ਥਾਂ) ਤੁਸੀਂ ਧਰਮ ਦਾ ਪ੍ਰਚਾਰ ਕਰੋ ਅਤੇ ਇਸ ਸੰਸਾਰ ਤੋਂ ਦੁਸ਼ਟਾਂ-ਦੋਖੀਆਂ ਦਾ ਨਾਸ਼ ਕਰੋ। ਵਿਚਾਰਨ ਵਾਲੀ ਗੱਲ ਹੈ ਕਿ ਦੋਖੀ ਸਰੀਰਕ ਤਲ 'ਤੇ ਵੀ ਹਨ ਅਤੇ ਮਾਨਸਿਕ ਤਲ 'ਤੇ ਵੀ ਹਨ।

ਸਰੀਰਕ ਤਲ 'ਤੇ ਡਿੱਗੇ-ਢੱਠੇ ਤੇ ਜਬਰ ਜ਼ੁਲਮ ਦੇ ਸਤਾਏ ਲੋਕ ਹਨ ਅਤੇ ਮਾਨਸਿਕ ਤਲ 'ਤੇ ਸੰਸਾਰ ਦੀ ਵਿਚਾਰਧਾਰਾ ਬਦਲਣੀ ਹੈ।ਕਲਗੀਧਰ ਪਾਤਸ਼ਾਹ ਜੀ ਨੇ ਤਨ ਦੇ ਪੱਖੋਂ ਜੀਵਨ-ਜਾਚ, ਬਾਹਰੀ ਰੂਪ, ਨਿਆਰਾਪਨ ਬਖ਼ਸ਼ਿਸ਼ ਕੀਤਾ ਤੇ ਇਹ ਰੂਪ 'ਖ਼ਾਲਸੇ' ਦੀ ਸਿਰਜਣਾ ਹੈ। ਦੂਜੇ ਪਾਸੇ ਮਨ (ਵਿਚਾਰ) ਦੇ ਤਲ 'ਤੇ ਦਸਮ ਪਾਤਸ਼ਾਹ ਜੀ ਦੀ ਆਪਣੀ ਸਾਰੀ ਰਚਨਾ ਉੱਚ ਵਿਚਾਰ ਬਖ਼ਸ਼ਿਸ਼ ਕਰਦੀ ਹੈ। ਜਾਪੁ ਸਾਹਿਬ, ਅਕਾਲ ਉਸਤਤਿ, ਤ੍ਵਪ੍ਰਸਾਦਿ ਕਬਿੱਤ, ਸਵੈਯੇ, ਬਚਿਤ੍ਰ ਨਾਟਕ, ਚੰਡੀ ਚਰਿੱਤ੍ਰ, ਗਿਆਨ ਪ੍ਰਬੋਧ, ਚਉਬੀਸ ਅਵਤਾਰ, ਰਾਮਕਲੀ ਪਾਤਸ਼ਾਹੀ ੧੦, ਤੇਤੀ ਸਵੈਯੇ, ਖਾਲਸਾ ਮਹਿਮਾ, ਸ਼ਸਤ੍ਰਨਾਮ ਮਾਲਾ, ਪਾਖਯਾਨ ਚਰਿਤ੍ਰ, ਜ਼ਫ਼ਰਨਾਮਾ ਆਦਿ ਰਚਨਾਵਾਂ ਦਾ ਵੱਡ-ਅਕਾਰੀ ਗ੍ਰੰਥ (ਸ੍ਰੀ ਦਸਮ ਗ੍ਰੰਥ) ਵਿਦਵਤਾ ਦਾ ਖ਼ਜਾਨਾ ਹੈ।

ਇਸ ਵਿਚ ਕੋਈ ਅਤਿਕਥਨੀ ਨਹੀਂ ਕਿ ਸਿੱਖ ਪੰਥ ਦੇ ਗੁਰੂ ਜੁਗੋ-ਜੁਗ ਅਟੱਲ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹਨ, ਜਿਨ੍ਹਾਂ ਨੂੰ ਸਦੀਵੀ ਗੁਰਿਆਈ ਕਲਗੀਧਰ ਪਾਤਸ਼ਾਹ ਜੀ ਨੇ ਬਖ਼ਸ਼ਿਸ਼ ਕੀਤੀ ਹੈ।ਦੂਜੇ ਪਾਸੇ ਕਲਗੀਧਰ ਪਾਤਸ਼ਾਹ ਦੀ ਰਚਨਾ ਵੀ ਨਿੱਤਨੇਮ, ਅੰਮ੍ਰਿਤ ਸੰਚਾਰ, ਕੌਮੀ ਅਰਦਾਸ, ਬੀਰ ਰਸ, ਅਧਿਆਤਮਿਕ, ਇਤਿਹਾਸਕਾਰੀ, ਸਾਹਿਤਕਾਰੀ ਆਦਿ ਬੇਅੰਤ ਬਖ਼ਸ਼ਿਸ਼ਾਂ ਦੀ ਖਾਣ ਹੈ। ਕਲਗੀਧਰ ਪਾਤਸ਼ਾਹ ਜੀ ਆਪਣੇ ਜੀਵਨ ਲਕਸ਼ ਨੂੰ ਸਪੱਸ਼ਟ ਕਰਦੇ ਹਨ:

ਯਾਹੀ ਕਾਜ ਧਰਾ ਹਮ ਜਨਮੰ ॥
ਸਮਝ ਲੇਹੁ ਸਾਧੂ ਸਭ ਮਨਮੰ ॥
ਧਰਮ ਚਲਾਵਨ ਸੰਤ ਉਬਾਰਨ ॥
ਦੁਸਟ ਸਭਨ ਕੋ ਮੂਲ ਉਪਾਰਨ ॥
(ਬਚਿਤ੍ਰ ਨਾਟਕ)

ਹੇ ਦੁਨੀਆਂ ਦੇ ਸਾਧੂ ਪੁਰਸ਼ੋ ! ਮਨ ਕਰਕੇ ਜਾਣ ਲਓ ਕਿ ਇਸੇ ਕਾਰਜ ਨੂੰ ਪੂਰਾ ਕਰਨ ਲਈ ਮੈਂ ਜਨਮ ਧਾਰਿਆ ਹੈ।ਮੇਰਾ ਮਿਸ਼ਨ ਧਰਮ ਚਲਾਉਣਾ, ਹੱਕ ਸੱਚ 'ਤੇ ਪਹਿਰਾ ਤੇ ਫ਼ਰਜ਼ ਪਾਲਣ ਦੀ ਪ੍ਰੇਰਨਾ ਦਿੰਦਿਆਂ ਭਲੇ ਪੁਰਸ਼ਾਂ ਨੂੰ ਬਚਾਉਣਾ ਹੈ। ਭਲਿਆਈ ਦੇ ਰਸਤੇ 'ਚ ਜੋ ਰੁਕਾਵਟਾਂ ਹਨ, ਉਹ ਧਰਮ ਦੋਖੀ ਦੁਸ਼ਟ ਲੋਕਾਂ ਨੂੰ ਮੂਲ ਤੋਂ ਹੀ ਜੜੋਂ ਪੁੱਟਣਾ ਹੈ।ਸਤਿਗੁਰੂ ਫ਼ਰਮਾਉਂਦੇ ਹਨ:

ਅਵਰਨ ਕੀ ਆਸਾ ਕਿਛੁ ਨਾਹੀ ॥
ਏਕੈ ਆਸ ਧਰੇ ਮਨ ਮਾਹੀ ॥ ਆਨ ਆਸ ਉਪਜਤ ਕਿਛੁ ਨਾਹੀ ॥
ਵਾ ਕੀ ਆਸ ਧਰੋਂ ਮਨ ਮਾਹੀ ॥(ਬਚਿਤ੍ਰ ਨਾਟਕ)

ਭਾਵ-ਦੁਨੀਆਂ ਦੇ ਲੋਕੋ ! ਇਕ ਅਕਾਲ ਪੁਰਖ ਤੋਂ ਸਿਵਾ ਹੋਰ ਕਿਸੇ ਵੀ ਦੇਵੀ ਦੇਵਤੇ ਦੀ ਆਸਾ ਨਹੀਂ ਰੱਖਣੀ। ਕੇਵਲ ਉਸ ਨਿਰਭਉ ਨਿਰਵੈਰੁ ਪ੍ਰਭੂ ਦੀ ਆਸ ਹਮੇਸ਼ਾਂ ਮਨ ਵਿਚ ਰੱਖੋ।ਸੰਸਾਰ ਵਿਚ ਹੋਰਨਾਂ ਦੀਆਂ ਆਸਾਂ ਰੱਖਣ ਦਾ ਕੋਈ ਵੀ ਲਾਭ ਨਹੀਂ ਹੋਣਾ, ਇਸ ਲਈ ਇਕ ਅਕਾਲ ਪੁਰਖ ਦੀ ਆਸ ਹੀ ਸਦਾ ਆਪਣੇ ਹਿਰਦੇ ਵਿਚ ਵਸਾ ਕੇ ਰੱਖੋ।

ਸਿੱਖ ਪੰਥ ਦੇ ਮਹਾਨ ਵਿਦਵਾਨ ਡਾ. ਤਾਰਨ ਸਿੰਘ ਜੀ ਨੇ 'ਬਚਿਤ੍ਰ ਨਾਟਕ ਬਾਰੇ ਬੜਾ ਸੁੰਦਰ ਲਿਖਿਆ ਹੈ, ਗੁਰੂ ਗੋਬਿੰਦ ਸਿੰਘ ਜੀ ਦੀ 'ਬਚਿਤ੍ਰ ਨਾਟਕ' ਗ੍ਰੰਥ ਰੂਪ ਵਿਚ ਦਿੱਤੀ ਸ੍ਵੈ-ਜੀਵਨੀ ਕਈ ਪੱਖਾਂ ਤੋਂ ਅਨੂਪਮ ਤੇ ਅਦਭੁਤਿ ਹੈ। ਇਸ ਰਚਨਾ ਵਿਚ ਪ੍ਰਭੂ-ਉਸਤਤਿ, ਮਿਥਿਹਾਸ, ਇਤਿਹਾਸ ਅਤੇ ਗੁਰੂ ਜੀ ਦੇ ਆਪਣੇ ਨਾਲ ਵਾਪਰੀਆਂ ਅਨੇਕ ਘਟਨਾਵਾਂ ਦਾ ਵਰਣਨ ਹੈ। ਗੁਰੂ ਜੀ ਨੇ ਜੁਗਾਂ-ਜੁਗੰਤਰਾਂ ਦੇ ਭਾਰਤੀ ਤੇ ਬ੍ਰਹਮੰਡ ਦੇ ਵਿਸ਼ਾਲ ਜੀਵਨ ਤਮਾਸ਼ੇ ਨੂੰ ਬ੍ਰਜ ਭਾਸ਼ਾ ਦੀ ਸ਼ਬਦਾਵਲੀ, ਭਾਰਤੀ ਬਿੰਬਾਵਲੀ, ਜਾਤਿ ਬਲ ਤੇ ਤਮਾਸ਼ੇ ਨਾਲ ਹੀ ਚਿਤ੍ਰਿਆ ਹੈ।'

(ਪੁਸਤਕ ਦਸਮ ਗ੍ਰੰਥ-ਰੂਪ ਤੇ ਰਸ, ਅੰਗ ੧੦੬-੧੦੭)

**ਡਾ. ਇੰਦਰਜੀਤ ਸਿੰਘ ਗੋਗੋਆਣੀ**

# ਭਾਰਤ ਦੇ ਨਿਰਮਾਤਾ: ਸ੍ਰੀ ਗੁਰੂ ਗੋਬਿੰਦ ਸਿੰਘ ਜੀ



ਮਹਾਂਪੁਰਸ਼ਾਂ ਦਾ ਪ੍ਰਕਾਸ਼ ਸਮਾਂ ਵਿਲੱਖਣ ਕਾਲ ਦਾ ਲਖਾਇਕ ਹੁੰਦਾ ਹੈ। ਉਹ ਦੀਨ ਦੁਖੀਆਂ ਦੀ ਪੀੜਾ ਹਰਨ ਵਾਸਤੇ ਪ੍ਰਗਟ ਹੁੰਦੇ ਹਨ। ਆਪਣੇ ਮਹਾਨ ਕਾਰਨਾਮਿਆਂ ਤੇ ਸੁਧਾਰਾਂ ਰਾਹੀਂ ਨਵੇਂ ਪੂਰਨੇ ਪਾਉਂਦੇ ਤੇ ਨਵੀਆਂ ਕੀਮਤਾਂ ਘੜਦੇ ਹਨ। ਘਸ ਚੁੱਕੇ ਬੋਦੇ ਸਿਧਾਂਤਾਂ ਨੂੰ ਮੇਟ ਕੇ ਨਵੇਂ ਸਿਧਾਂਤਾਂ ਦਾ ਨਿਰਮਾਣ ਕਰਦੇ ਹਨ, ਆਪਣੀ ਜੀਵਨ ਘਾਲਣਾ ਰਾਹੀਂ, ਕੁਰਬਾਨੀ ਰਾਹੀਂ।

ਭਾਰਤ ਵਿਚ ਧਾਰਮਿਕ ਗਿਲਾਨੀ ਤਾਂ ਗੁਰੂ ਨਾਨਕ ਆਗਮਨ ਤੋਂ ਪਹਿਲਾਂ ਹੀ ਸਿਖਰਾਂ (Climax) ਨੂੰ ਪੁੱਜ ਚੁੱਕੀ ਸੀ । ਰਾਜੇ ਜਾਬਰ, ਅਨਿਆਈ, ਅਨੇਮੀ, ਅਨੀਤੀ ਕਰਨ ਵਾਲੇ ਵੱਡੇ ਪਾਮਰ ਤੇ ਨਿਰਦਈ ਸਨ। ਗਊ ਬ੍ਰਾਹਮਣ ਤੇ ਸੰਤਾਂ ਨੂੰ ਤੰਗ ਕਰਨ ਵੱਲੋਂ ਕੋਈ ਕਸਰ ਬਾਕੀ ਨਹੀਂ ਸੀ ਰਹੀ।ਗੁਰੂ ਨਾਨਕ ਸਾਹਿਬ ਨੇ ਆਪਣੇ ਦੇਸ਼ਾਰਟਨ, ਪ੍ਰਚਾਰ ਤੇ ਵਹਿਮਾਂ-ਭਰਮਾਂ ਦੀ ਆਲੋਚਨਾ ਕੀਤੀ। ਕਰਤਾਰੀ ਬਾਣੀ ਰਾਹੀਂ ਭਾਰਤ ਦੀ ਬੇਹਿਸ ਹੋ ਚੁੱਕੀ ਮੁਰਦਾ ਜਨਤਾ ਨੂੰ ਜੀਵਨ ਕਣੀ ਪ੍ਰਦਾਨ ਕੀਤੀ, ਭਾਵ ਸਮਾਜਿਕ ਕ੍ਰਾਂਤੀ (Social revolution) ਲਈ ਪ੍ਰੇਰਿਤ ਕੀਤਾ। ਉਨ੍ਹਾਂ ਨੇ ਕਿਰਤੀਆਂ, ਕਾਮਿਆਂ ਤੇ ਕਿਸਾਨਾਂ ਨੂੰ ਭਾਵ ਦੇਸ਼ ਦੇ ਸੱਚੇ ਚਾਕਰਾਂ (ਸੇਵਾਦਾਰਾਂ) ਨੂੰ ਸੁਚੇਤ ਕੀਤਾ:

ਜਿਸੁ ਸਿਕਦਾਰੀ ਤਿਸਹਿ ਖੁਆਰੀ ਚਾਕਰ ਕੇਹੇ ਡਰਣਾ ॥
ਜਾ ਸਿਕਦਾਰੈ ਪਵੈ ਜੰਜੀਰੀ ਤਾ ਚਾਕਰ ਹਥਹੁ ਮਰਣਾ ।੪॥
(ਰਾਮਕਲੀ ਮਹਲਾ ੪, ਅਸਟਪਦੀਆ ੧, ਅੰਗ ੯੦੨)

ਉਪਰੋਕਤ ਨਿਰਭੈਤਾ ਦੇ ਆਦਰਸ਼ ਤੋਂ ਬਿਨਾਂ ਸੂਰਮੇ ਦਾ ਕਰਤੱਵ ਦੱਸਿਆ:

ਮਰਣੁ ਮੁਣਸਾ ਸੂਰਿਆ ਹਕੁ ਹੈ ਜੋ ਹੋਇ ਮਰਨਿ ਪਰਵਾਣੋ ॥
(ਅੰਗ ੫੭੯)

ਗੁਰੂ ਜੀ ਦੇ ਸਿਧਾਂਤ ਅਨੁਸਾਰ ਕਈ ਭਲੇ ਪੁਰਸ਼ਾਂ ਤੇ ਮਹਾਨ ਵਿਅਕਤੀਆਂ ਨੇ ਜ਼ੁਲਮ ਤੇ ਜਬਰ ਨੂੰ ਜ਼ੇਰ ਕਰਨ ਲਈ ਵੀਰਗਤੀ ਪ੍ਰਾਪਤ ਕੀਤੀ, ਪ੍ਰੰਤੂ ਮੱਥੇ ਨਾਲ ਮੱਥਾ ਜੋੜ ਕੇ ਅਸੁਰੀ ਸ਼ਕਤੀਆਂ ਦੇ ਪ੍ਰਤਿਨਿਧ ਔਰੰਗਜ਼ੇਬ 'ਆਲਮਗੀਰ' ਸ਼ਹਿਨਸ਼ਾਹ ਹਿੰਦ ਦਾ ਮੋਢਾ ਲਾਉਣਾ ਤੇ ਉਸ ਨੂੰ ਆਪਣੀਆਂ ਭੁੱਲਾਂ ਦਾ ਅਹਿਸਾਸ ਕਰਾਉਣਾ ਕੇਵਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਹੀ ਹਿੱਸੇ ਆਇਆ।ਔਰੰਗਜ਼ੇਬ ਭਾਰਤ ਦੀ ਸਾਰੀ ਹਿੰਦੂ ਜਨਤਾ ਨੂੰ ਇਸਲਾਮ ਦੀ ਗ੍ਰਿਫ਼ਤ ਵਿਚ ਲਿਆਉਣ ਦਾ ਸਿਰਤੋੜ ਯਤਨ ਕਰ ਰਿਹਾ ਸੀ ਭਾਵ ਹਿੰਦੂਆਂ ਨੂੰ ਧਿੰਙਜ਼ੋਰੀ ਮੁਸਲਮਾਨ ਬਣਾ ਰਿਹਾ ਸੀ। ਇਥੇ ਹੀ ਬੱਸ ਨਹੀਂ, ਉਹ ਤਾਂ ਰਾਜ ਮਦ ਵਿਚ ਮੱਤਾ ਪੂਰੀ ਤਾਕਤ ਨਾਲ ਭਾਰਤਵਰਸ਼ ਨੂੰ, ਜਿਸ ਨੂੰ ਉਹ ਦਾਰ-ਉਲ-ਹਰਬ ਭਾਵ ਕਾਫ਼ਰਾਂ ਦਾ ਦੇਸ਼ ਕਹਿੰਦਾ ਸੀ, ਦਾਰ-ਉਲ-ਇਸਲਾਮ (ਇਸਲਾਮੀ ਦੇਸ਼) ਵਿਚ ਬਦਲਣਾ ਚਾਹੁੰਦਾ ਸੀ, ਪ੍ਰੰਤੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀ ਆਪਾਵਾਰ ਤੇ ਲਾਸਾਨੀ ਕੁਰਬਾਨੀ ਨਾਲੋਂ ਔਰੰਗਜ਼ੇਬ ਦੀਆਂ ਦੇਸ਼ ਘਾਤਕ ਅਸੁਰੀ ਸਬੀਲਾਂ ਉੱਤੇ ਪਾਣੀ ਫੇਰਿਆ। ਦਿਲੀਸ਼ਵਰ ਅਥਵਾ ਦਿੱਲੀ ਦੇ ਸੁਆਮੀ ਔਰੰਗਜ਼ੇਬ ਦੇ ਤੇਜ਼ ਨੂੰ ਮੱਧਮ ਕੀਤਾ। ਦੇਸ਼ ਵਾਸੀਆਂ ਵਿੱਚੋਂ ਕਾਇਰਤਾ ਤੇ ਬੁਜ਼ਦਿਲੀ ਦੂਰ ਕਰ ਕੇ ਉਨ੍ਹਾਂ ਨੂੰ ਸੱਚੇ ਦੇਸ਼ ਹਿਤੈਸ਼ੀ, ਸਮਾਜ ਸੇਵਕ ਤੇ ਸੰਤ ਸਿਪਾਹੀ ਬਣਾ ਦਿੱਤਾ।ਗੁਰੂ ਜੀ ਦੇਸ਼ ਰੱਖਿਆ ਦੇ ਆਦਰਸ਼ ਲਈ ਡਟੇ।ਆਪਣਾ ਸਾਰਾ ਸਰਬੰਸ ਵਾਰਿਆ, ਆਪਣੇ ਪਿਆਰੇ ਸਿੱਖਾਂ ਦੀਆਂ ਕੁਰਬਾਨੀਆਂ ਦਿੱਤੀਆਂ, ਪਰ ਆਪਣੇ ਨਿਸ਼ਚੇ ਵਿਚ ਅਡੋਲ ਤੇ ਅਹਿੱਲ ਰਹੇ। ਉਸ ਸਮੇਂ ਸਮਰਾਟ ਔਰੰਗਜ਼ੇਬ ਦਾ ਟਾਕਰਾ ਕਰਨ ਦਾ ਕੌਣ ਹੀਆ ਕਰ ਸਕਦਾ ਸੀ ?ਹੋਰ ਕੋਈ ਵੀ ਨਹੀਂ, ਕੇਵਲ ਗੁਰੂ ਗੋਬਿੰਦ ਸਿੰਘ, ਵਾਹਦ ਗੁਰੂ ਗੋਬਿੰਦ ਸਿੰਘ, ਹੱਕ ਪ੍ਰਸਤੀ ਦਾ ਨਾਦ ਗੁੰਜਾਉਣ ਵਾਲੇ ਗੁਰੂ ਗੋਬਿੰਦ ਸਿੰਘ, ਵਿਸ਼ਵਾਰਥੀ ਗੁਰੂ ਗੋਬਿੰਦ ਸਿੰਘ, ਬਚਿਤ੍ਰ ਨਾਟਕ ਦੇ ਕਰਤਾ ਬੇਨਿਆਜ਼ ਤੇ ਬੇਪ੍ਰਵਾਹ ਗੁਰੂ ਗੋਬਿੰਦ ਸਿੰਘ ਜੀ:

ਸੁੰਭ ਨਿਸੁੰਭ ਸੇ ਕੋਟ ਨਿਸਾਚਰ ਜਾਹਿ ਛਿਨੇਕ ਬਿਖੈ ਹਨ ਡਾਰੇ ॥
ਧੂਮਰਲੋਚਨ ਚੰਡ ਔਮੁੰਡ ਸੇ ਮਾਹਖ ਸੇ ਪਲ ਬੀਚ ਨਿਵਾਰੇ ॥
ਚਾਮਰ ਸੇ ਰਣ ਚਿੱਛਰ ਸੇ ਰਕਤਿੱਛਰ ਸੇ ਝਟ ਦੇ ਝਝਕਾਰੇ ॥
ਐਸੋ ਸੁ ਸਾਹਿਬ ਪਾਇ ਕਹਾਂ ਪਰਵਾਹ ਰਹੀ ਇਹ ਦਾਸ ਤਿਹਾਰੇ ॥੯੩॥
(ਬਚਿਤ੍ਰ ਨਾਟਕ)

ਪੁਨਾ:

ਪਾਂਇ ਗਹੇ ਜਬ ਤੇ ਤੁਮਰੇ ਤਬ ਤੇ ਕੋਊ ਆਂਖ ਤਰੇ ਨਹੀਂ ਆਨਯੋ ॥
ਰਾਮ ਰਹੀਮ ਪੁਰਾਨ ਕੁਰਾਨ ਅਨੇਕ ਕਹੈਂ ਮਤ ਏਕ ਨ ਮਾਨਯੋ ॥
ਸਿੰਮ੍ਰਿਤ ਸਾਸਤ੍ਰ ਬੇਦ ਸਭੈ ਬਹੁ ਭੇਦ ਕਹੈਂ ਹਮ ਏਕ ਨ ਜਾਨਯੋ ॥
ਸ੍ਰੀ ਅਸਿਪਾਨ ਕ੍ਰਿਪਾ ਤੁਮਰੀ ਕਰਿ ਮੈ ਨ ਕਯੋ ਸਭ ਤੋਹਿ ਬਖਾਯੋ ॥

ਜੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਭਾਰਤ ਵਾਸੀਆਂ ਦੀ ਸਹੀ ਰਹਿਨੁਮਾਈ ਕਰ ਕੇ ਰੱਖਿਆ ਨਾ ਕਰਦੇ, ਤਾਂ ਅੱਜ ਭਾਰਤ ਦਾ ਇਤਿਹਾਸ ਕੁਝ ਹੋਰ ਹੀ ਹੁੰਦਾ। ਇਸ ਦੇ ਵਾਸੀਆਂ ਦਾ ਵੇਸ ਕੁਝ ਹੋਰ ਹੀ ਹੁੰਦਾ। ਸਾਰਾ ਭਾਰਤ ਮੋਮਨਾਂ ਦਾ ਦੇਸ਼ ਅਥਵਾ ਦਾਰ-ਉਲ-ਇਸਲਾਮ ਹੁੰਦਾ।ਕਿਸੇ ਹਿੰਦੂ ਜਾਂ ਸਿੱਖ ਦਾ ਨਾਂ-ਨਿਸ਼ਾਨ ਨਾ ਦਿਸਦਾ।ਗੁਰੂ ਜੀ ਦੀ ਇਤਿਹਾਸਕ ਮਹਾਨਤਾ ਨੂੰ ਆਪ ਦੇ ਸਮਕਾਲੀ ਨਿਰਪੱਖ ਸੂਫ਼ੀ ਫ਼ਕੀਰ ਬੁੱਲ੍ਹੇ ਸ਼ਾਹ ਨੇ ਇਉਂ ਵਰਨਣ ਕੀਤਾ ਹੈ:

ਨ ਕਹੂੰ ਅਬ ਕੀ ਨ ਕਹੂੰ ਤਬ ਕੀ ਬਾਤ ਕਹੂੰ ਮੈਂ ਜਬ ਕੀ ।
ਅਗਰ ਨਾ ਹੋਤੇ ਗੁਰੂ ਗੋਬਿੰਦ ਸਿੰਘ ਤੋ ਸੁੰਨਤ ਹੋਤੀ ਸਭ ਕੀ।

ਪ੍ਰਸਿੱਧ ਇਤਿਹਾਸਕਾਰ ਕਵੀ ਸੰਤੋਖ ਸਿੰਘ ਜੀ, ਗੁਰੂ ਗੋਬਿੰਦ ਸਿੰਘ ਜੀ ਦਾ ਇਤਿਹਾਸਕ ਮਹੱਤਵ ਹੇਠਾਂ ਦਿੱਤੇ ਸ਼ਬਦਾਂ ਵਿਚ ਵਰਨਣ ਕਰਦੇ ਹਨ:

ਛਾਇ ਜਾਤੀ ਏਕਤਾ ਅਨੇਕਤਾ ਬਿਲਾਇ ਜਾਤੀ
ਹੋਵਤੀ ਕੁਚੀਲਤਾ ਕਿਤਾਬਨ ਕੁਰਾਨ ਕੀ।
ਪਾਪ ਹੀ ਪ੍ਰਪੱਕ ਜਾਤੇ ਧਰਮ ਧੜੱਕ ਜਾਤੇ ਬਰਨ ਗਰਕ ਜਾਤੇ ਸਾਹਿਤ ਬਿਧਾਨ ਕੀ।
ਦੇਵੀ ਦੇਵ ਦੇਹੁਰੇ ਸੰਤੋਖ ਸਿੰਘ, ਦੂਰ ਹੋਤੇ
ਰੀਤ ਮਿਟ ਜਾਤੀ ਕਥਾ ਬੇਦਨ ਪੁਰਾਨ ਕੀ।
ਸ੍ਰੀ ਗੁਰੂ ਗੋਬਿੰਦ ਸਿੰਘ ਪਾਵਨ ਪਰਮ ਸੂਰ
ਮੂਰਤ ਨ ਹੋਤੀ ਜਉ ਪੈ ਕਰੁਣਾਨਿਧਾਨ ਕੀ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਭਾਰਤ ਨੂੰ ਸਭ ਤੋਂ ਵੱਡੀ ਦੇਣ ਭਾਰਤ ਦੀ ਰਖਵਾਲੀ ਕਰਨ ਵਾਲੀ ਖਾਲਸਾ ਕੌਮ ਅਥਵਾ ਸੰਤ ਸੈਨਿਕਾਂ ਦੀ ਜਥੇਬੰਦੀ ਦਾ ਕਾਇਮ ਕਰਨਾ ਹੈ, ਜਿਨ੍ਹਾਂ ਨੇ ਭਾਰਤੀ ਇਤਿਹਾਸ ਦੇ ਪੱਤਰਿਆਂ ਨੂੰ ਆਪਣੇ ਖ਼ੂਨ ਨਾਲ ਲਿਖਿਆ ਤੇ ਆਪਣੇ ਲਈ ਅਮਰ ਨਾਮਣਾ ਖੱਟਿਆ।ਕਾਜ਼ੀ ਨੂਰ ਮੁਹੰਮਦ ਵਰਗੇ ਮੁਤੱਸਬੀ ਵੀ ਸੰਤ ਸਿਪਾਹੀਆਂ ਦੀ ਬੀਰਤਾ ਤੇ ਗੁਣਾਂ ਨੂੰ ਪ੍ਰਗਟਾਉਣ ਤੋਂ ਨਾ ਰਹਿ ਸਕੇ।ਉਸ ਨੇ ਲਿਖਿਆ:

ਜਦ ਇਹ ਹਿੰਦ ਦੀ ਤਲਵਾਰ ਹੱਥ ਫੜਦੇ ਹਨ ਤਾਂ ਹਿੰਦ ਤੋਂ ਸਿੰਧ ਤਕ ਧਾਈ ਕਰਦੇ ਹਨ।
ਜਦ ਹੱਥ ਨੇਜਾ ਫੜ੍ਹ ਲੈਣ ਤਾਂ ਵੈਰੀ ਦੀ ਫ਼ੌਜ ਨੂੰ ਭਾਜੜਾਂ ਪਾ ਦਿੰਦੇ ਹਨ।
ਜਦ ਕਮਾਨ ਨੂੰ ਖਿੱਚਦੇ ਹਨ ਤਾਂ ਉਸ ਵਿਚ ਵੈਰੀ-ਮਾਰ ਤੀਰ ਚਾੜ੍ਹਦੇ ਹਨ।
ਇਨ੍ਹਾਂ ਹਥਿਆਰਾਂ ਨੂੰ ਛੱਡ ਕੇ, ਜੇ ਲੜਾਈ ਵੇਲੇ ਬੰਦੂਕ ਹੱਥ ਫੜ੍ਹ ਲੈਣ, ਤਾਂ ਮੈਦਾਨ ਵਿਚ ਛਾਲਾਂ ਮਾਰਦੇ ਅਤੇ ਬੁਕਦੇ ਸ਼ੇਰਾਂ ਵਾਂਗੂ ਨਾਹਰੇ ਮਾਰਦੇ ਆਉਂਦੇ ਹਨ।
ਤੂੰ ਕਹਿੰਦਾ ਹੈ ਕਿ ਬੰਦੂਕ ਪੁਰਾਣੇ ਸਮਿਆਂ ਤੋਂ ਹੈ, ਇਹ ਲੁਕਮਾਨ ਨੇ ਨਹੀਂ ਬਣਾਈ, ਇਨ੍ਹਾਂ 'ਕੁੱਤਿਆਂ' ਨੇ ਬਣਾਈ ਹੈ।

ਇਥੇ ਹੀ ਬੱਸ ਨਹੀਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸੰਤ ਸਿਪਾਹੀਆਂ (Saint warriors) ਦੀ ਸੂਰਮਗਤੀ ਦਾ ਵਰਨਣ ਕਰਦੇ ਹੋਏ ਪੰਜਾਬ ਦੇ ਇਤਿਹਾਸ ਵਿਚ ਅਜੋਕੇ ਸਮੇਂ ਦਾ ਪ੍ਰਮਾਣੀਕ ਇਤਿਹਾਸਕਾਰ ਡਾਕਟਰ ਮੁਹੰਮਦ ਲਤੀਫ਼ ਪੰਜਾਬ ਦੇ ਇਤਿਹਾਸ ਵਿਚ ਇਉਂ ਲਿਖਦਾ ਹੈ:

The pages of history shine with the heroic deeds of this martial race and the examples of self devotion, patriotism and forbearance under the severest trials, displayed by their leaders of the community, are excelled by none in the annals of the nations.

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸਹੀ ਅਰਥਾਂ ਵਿਚ ਭਾਰਤ ਦਾ ਰਖਵਾਲਾ (Savior of India) ਹੈਨ ਤੇ ਸਿੱਖ ਸੈਨਾ ਭਾਰਤ ਦੀਆਂ ਹੱਦਾਂ ਦੀ ਪਹਿਰੇਦਾਰ। ਸਿੱਖ ਫ਼ੌਜਾਂ ਨੇ ਵਰਤਮਾਨ ਸੰਕਟ ਵਿਚ ਸਰਹੱਦਾਂ ਦੀ ਰਾਖੀ ਕਰ ਕੇ, ਆਪਣੀ ਬਹਾਦਰੀ ਦੇ ਅਦੁਤੀ ਕਾਰਨਾਮੇ ਦਰਸਾ ਕੇ, ਜਾਨਾਂ ਹੂਲ ਕੇ ਕੌਮ ਦੇ ਨਾਂ ਨੂੰ ਉੱਚਾ ਕੀਤਾ ਹੈ। ਦੇਸ਼ ਪਿਆਰ ਤੇ ਕੁਰਬਾਨੀ ਦੀ ਭਾਵਨਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਭਾਰਤ ਨੂੰ ਸਭ ਤੋਂ ਵੱਡੀ ਦੇਣ ਹੈ । ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੇ ਉਨ੍ਹਾਂ ਦੀ ਅਦੁੱਤੀ ਬੀਰ ਰਸੀ ਬਾਣੀ ਦਾ ਜੀਵਨ ਦੇ ਹਰ ਮੋੜ ਉੱਤੇ ਆਸਰਾ ਭਾਰਤ ਨੂੰ ਨਿਰਭੈ, ਬਲਵਾਨ ਤੇ ਸ਼ਕਤੀਸ਼ਾਲੀ ਦੇਸ਼ ਬਣਾ ਸਕਦਾ ਹੈ।

ਇਤਿਹਾਸਕਾਰ ਬੈਨਰਜੀ ਤੇ ਕਨਿੰਘਮ ਨੇ ਆਪਣੀ ਲਿਖਤ 'ਸਿੱਖਾਂ ਦਾ ਇਤਿਹਾਸ' ਵਿਚ ਕਰਮਵਾਰ ਹੇਠਾਂ ਦਿੱਤੇ ਵਿਚਾਰਾਂ ਰਾਹੀਂ ਗੁਰੂ ਜੀ ਦੀ ਦੇਸ਼ ਸੇਵਾ ਦਾ ਮੁਲ-ਅੰਕਣ ਕੀਤਾ ਹੈ:

1. 'ਗੁਰੂ ਗੋਬਿੰਦ ਸਿੰਘ ਇਕ ਮਹਾਨ ਉਸਰਈਏ ਸਨ।ਆਪ ਨੇ ਇਕ ਨਵੀਂ ਕੌਮ ਨੂੰ ਜਨਮ ਦਿੱਤਾ ਅਤੇ ਭਾਰਤੀ ਇਤਿਹਾਸ ਦੇ ਅਖਾੜੇ ਵਿਚ ਇਕ ਨਵੀਨ ਪ੍ਰਭਾਵਕ ਸ਼ਕਤੀ ਦਾਖ਼ਲ ਕੀਤੀ।'

2. 'ਖੰਡੇ ਦੀ ਪਾਹੁਲ ਦੇ ਕੇ ਗੁਰੂ ਜੀ ਨੇ ਹਾਰੇ ਹੋਏ ਲੋਕਾਂ ਦੀਆਂ ਸਿਥਲ ਸ਼ਕਤੀਆਂ ਨੂੰ ਟੁੰਬਿਆ ਤੇ ਉਨ੍ਹਾਂ ਵਿਚ ਸਮਾਜਿਕ ਸੁਤੰਤਰਤਾ ਤੇ ਕੌਮੀ ਲਗਨ ਨੂੰ ਉਤਪੰਨ ਕੀਤਾ ਜੋ ਗੁਰੂ ਨਾਨਕ ਦੀ ਪ੍ਰਚਾਰੀ ਹੋਈ ਭਗਤੀ ਦਾ ਅਸਲ ਸਿੱਟਾ ਸੀ।ਗੁਰੂ ਜੀ ਨੇ ਉਸ ਵੇਲੇ ਦੀ ਜ਼ਰੂਰੀ ਲੋੜ ਨੂੰ ਭਾਂਪ ਲਿਆ ਤੇ ਉਸ ਦੀ ਪ੍ਰਾਪਤੀ ਲਈ ਪੂਰੇ ਜ਼ੋਰ ਤੇ ਲਗਨ ਨਾਲ ਜੁੱਟ ਪਏ।

ਸੱਚਮੁਚ ਹੀ ਅਲਬੇਲੇ ਕਵੀ ਪ੍ਰੋ: ਪੂਰਨ ਸਿੰਘ ਅਨੁਸਾਰ ਪੰਜਾਬ ਗੁਰੂ ਦੇ ਨਾਮ 'ਤੇ ਜੀਉਂਦਾ ਹੈ।ਗੁਰੂ ਹੀ ਇਸ ਦਾ ਰਖਵਾਲਾ ਰਿਹਾ ਹੈ ਤੇ ਗੁਰੂ ਹੀ ਇਸ ਦਾ ਰਖਵਾਲਾ ਰਹੇਗਾ।ਲੋੜ ਹੈ ਭਰੋਸੇ ਤੇ ਭਾਵਨਾ ਦੀ। (ਦਸਮੇਸ਼ ਪ੍ਰਕਾਸ਼ ਵਿਚੋਂ ਧੰਨਵਾਦ ਸਹਿਤ)

**ਸ. ਰਣਜੀਤ ਸਿੰਘ**

ਖ਼ਾਲਸਾ ਅਖ਼ਬਾਰ



# ਕੇਂਦਰ ਵੱਲੋਂ ਚੰਡੀਗੜ੍ਹ ਨੂੰ ਇੱਕ ਆਮ ਕੇਂਦਰ ਸ਼ਾਸਤ ਪ੍ਰਦੇਸ਼ ਦੇ ਰੂਪ ਵਿੱਚ ਬਦਲਣ ਦੀ ਕੋਸ਼ਿਸ਼ ਪੰਜਾਬ ਨਾਲ ਨਾਇਨਸਾਫੀ- ਐਡਵੋਕੇਟ ਧਾਮੀ

ਸ੍ਰੀ ਅੰਮ੍ਰਿਤਸਰ-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕੇਂਦਰ ਸਰਕਾਰ ਵੱਲੋਂ ਚੰਡੀਗੜ੍ਹ ਨੂੰ ਪੰਜਾਬ ਤੋਂ ਪੂਰੀ ਤਰ੍ਹਾਂ ਵੱਖ ਕਰਕੇ ਇਸਨੂੰ ਇੱਕ ਆਮ ਕੇਂਦਰ ਸ਼ਾਸਤ ਪ੍ਰਦੇਸ਼ ਦੇ ਰੂਪ ਵਿੱਚ ਬਦਲਣ ਦੀ ਕੋਸ਼ਿਸ਼ ਨੂੰ ਸੰਵਿਧਾਨਿਕ ਨਿਯਮਾਂ ਅਤੇ ਪੰਜਾਬ ਦੇ ਹੱਕਾਂ 'ਤੇ ਸਿੱਧਾ ਹਮਲਾ ਕਰਾਰ ਦਿੱਤਾ ਹੈ। ਜਾਰੀ ਬਿਆਨ ਵਿਚ ਐਡਵੋਕੇਟ ਧਾਮੀ ਨੇ ਕਿਹਾ ਕਿ ਪਾਰਲੀਮੈਂਟ ਦੇ ਆਉਣ ਵਾਲੇ ਸਰਦ ਰੁੱਤ ਇਜਲਾਸ ਵਿੱਚ ਲਿਆਂਦੇ ਜਾ ਰਹੇ 131ਵੇਂ ਸੰਵਿਧਾਨ ਸੋਧ ਬਿੱਲ ਰਾਹੀਂ ਚੰਡੀਗੜ੍ਹ 'ਤੇ ਪੰਜਾਬ ਦੇ ਜਾਇਜ਼ ਹੱਕ ਨੂੰ ਖਤਮ ਕਰਨ ਦੀ ਇਹ ਸਾਜ਼ਿਸ਼ ਬਿਲਕੁਲ ਪ੍ਰਵਾਨ ਨਹੀਂ ਹੈ।

ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਕਿਹਾ ਕਿ ਸਮੇਂ ਸਮੇਂ ਤੇ ਕੇਂਦਰ ਸਰਕਾਰਾਂ ਵੱਲੋਂ ਗੈਰ-ਸੰਵਿਧਾਨਿਕ ਤਰੀਕਿਆਂ ਨਾਲ ਚੰਡੀਗੜ੍ਹ 'ਤੇ ਪੰਜਾਬ ਦੇ ਹੱਕ ਨੂੰ ਕਮਜ਼ੋਰ ਕਰਨ ਦੀਆਂ ਕੋਸ਼ਿਸ਼ਾਂ ਜਾਰੀ ਰਹੀਆਂ ਹਨ। ਭਾਵੇਂ ਕਈ ਵਾਰ ਚੰਡੀਗੜ੍ਹ ਦੇ ਪੰਜਾਬ ਨਾਲ ਸੰਬੰਧਤ ਹੋਣ ਦੇ ਵਾਅਦੇ ਤਾਂ ਕੀਤੇ ਗਏ, ਪਰ ਹਰ ਵਾਰ ਇਹ ਵਾਅਦੇ ਤੋੜ ਕੇ ਨਵੀਆਂ ਅੜਚਣਾਂ ਖੜੀਆਂ ਕੀਤੀਆਂ ਗਈਆਂ। ਹੁਣ ਭਾਜਪਾ ਸਰਕਾਰ ਵੱਲੋਂ ਲਿਆਂਦਾ ਜਾ ਰਿਹਾ ਬਿੱਲ ਪੰਜਾਬ ਦੇ ਹੱਕਾਂ ਦੇ ਕਤਲ ਦੇ ਨਾਲ ਨਾਲ ਰਾਜਾਂ ਦੇ ਅਧਿਕਾਰਾਂ ਨੂੰ ਖ਼ਤਮ ਕਰਨ ਵੱਲ ਇਕ ਹੋਰ ਵੱਡਾ ਕਦਮ ਹੈ।

ਐਡਵੋਕੇਟ ਧਾਮੀ ਨੇ ਸਪੱਸ਼ਟ ਕੀਤਾ ਕਿ ਚੰਡੀਗੜ੍ਹ ਪੰਜਾਬ ਦਾ ਹੈ ਅਤੇ ਇਸਨੂੰ ਪੰਜਾਬ ਤੋਂ ਖੋਹਣ ਦੀ ਕਿਸੇ ਵੀ ਸਾਜ਼ਿਸ਼ ਨੂੰ ਕਦੇ ਵੀ ਪ੍ਰਵਾਨ ਨਹੀਂ ਕੀਤਾ ਜਾਵੇਗਾ। ਇਹ ਬਿੱਲ ਕੇਵਲ ਤਕਨੀਕੀ ਜਾਂ ਪ੍ਰਸ਼ਾਸਕੀ ਤਬਦੀਲੀ ਨਹੀਂ, ਸਗੋਂ ਪੰਜਾਬ ਦੇ ਅਧਿਕਾਰਾਂ 'ਤੇ ਸਿੱਧਾ ਡਾਕਾ ਹੈ।



ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਕਿਹਾ ਕਿ ਕੇਂਦਰ ਸਰਕਾਰ ਦੀਆਂ ਇਹ ਕੋਸ਼ਿਸ਼ਾਂ ਨਾ ਕੇਵਲ ਪੰਜਾਬ, ਸਗੋਂ ਪੂਰੇ ਦੇਸ਼ ਦੀ ਏਕਤਾ ਅਤੇ ਭਰੋਸੇ ਨੂੰ ਨੁਕਸਾਨ ਪਹੁੰਚਾਉਣਗੀਆਂ। ਸ਼ ਰੋਮਣੀ ਕਮੇਟੀ ਨੇ ਪੰਜਾਬ ਦੇ ਸਾਰੇ ਰਾਜਨੀਤਿਕ, ਸਮਾਜਿਕ ਅਤੇ ਧਾਰਮਿਕ ਪ੍ਰਤਿਨਿਧੀਆਂ ਨੂੰ ਅਪੀਲ ਕੀਤੀ ਕਿ ਚੰਡੀਗੜ੍ਹ ਉੱਤੇ ਪੰਜਾਬ ਦੇ ਹੱਕ ਦੀ ਰੱਖਿਆ ਲਈ ਇਕੱਠੇ ਹੋ ਕੇ ਲੋਕਤੰਤਰਕ ਅਤੇ ਸੰਵਿਧਾਨਿਕ ਪੱਧਰ 'ਤੇ ਮਜ਼ਬੂਤ ਸੰਘਰਸ਼ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਚੰਡੀਗੜ੍ਹ ਪੰਜਾਬ ਦਾ ਅਟੁੱਟ ਹਿੱਸਾ ਹੈ ਅਤੇ ਇਸ ਹੱਕ ਦੀ ਰੱਖਿਆ ਲਈ ਹਰ ਪੱਧਰ ਉੱਤੇ ਆਵਾਜ ਬੁਲੰਦ ਕੀਤੀ ਜਾਵੇਗੀ।

# ਪੰਜਾਬ ਸਰਕਾਰ ਅਨੰਦਪੁਰ ਸਾਹਿਬ ਵਿੱਚ ਸੱਦੇ ਜਾਣ ਵਾਲੇ ਅਸੈਂਬਲੀ ਸੈਸ਼ਨ ਨੂੰ ਇਤਿਹਾਸਿਕ ਬਣਾਵੇ



ਸ੍ਰੀ ਗੁਰੂ ਤੇਗ ਬਹਾਦੁਰ ਜੀ ਦੇ 350 ਸਾਲਾ ਸ਼ਹੀਦੀ ਪੁਰਬ ਮੌਕੇ ਪੰਜਾਬ ਸਰਕਾਰ ਵੱਲੋਂ ਸਤਿਗੁਰੂ ਜੀ ਦੀ ਸ਼ਹਾਦਤ ਨੂੰ ਨਮਸਕਾਰ ਕਰਨ ਲਈ ਜੋ ਇੱਕ 'ਵਿਸ਼ੇਸ਼ ਅਸੈਂਬਲੀ ਸੈਸ਼ਨ' ਸੱਦਿਆ ਜਾਣਾ ਹੈ, ਉਸ ਸਬੰਧੀ ਸੰਤ ਬਾਬਾ ਸੇਵਾ ਸਿੰਘ ਜੀ ਗੁਰਦੁਆਰਾ ਰਾਮਪੁਰ ਖੇੜਾ ਸਾਹਿਬ ਵਾਲਿਆਂ ਨੇ ਕਿਹਾ ਕਿ ਇਹ ਸੈਸ਼ਨ ਨਾ ਸਿਰਫ ਮਹਿਜ਼ 'ਰਸਮ' ਹੋ ਕੇ ਰਹਿ ਜਾਵੇ। ਸਗੋਂ ਓਥੇ ਇਤਿਹਾਸਕ ਫ਼ੈਸਲੇ ਕਰਕੇ ਇਸ ਸੈਸ਼ਨ ਨੂੰ ਇਤਿਹਾਸਿਕ ਬਣਾਇਆ ਜਾਵੇ।ਇਸ ਵਾਸਤੇ ਉਹਨਾਂ ਜ਼ੋਰਦਾਰ ਮੰਗ ਕੀਤੀ ਕਿ;

-ਸ਼ਤਾਬਦੀ ਸਮਾਗਮ ਦੇ ਮੌਕੇ ਧੰਨ ਗੁਰੂ ਤੇਗ ਬਹਾਦਰ ਸਾਹਿਬ ਜੀ ਨਾਲ ਸਬੰਧਿਤ ਸ਼ਹਿਰ, ਸ੍ਰੀ ਅੰਮ੍ਰਿਤਸਰ ਸਾਹਿਬ ਅਤੇ ਸ੍ਰੀ ਅਨੰਦਪੁਰ ਸਾਹਿਬ ਨੂੰ 'ਪਵਿੱਤਰ ਸ਼ਹਿਰ' ਕਰਾਰ ਦਿੱਤਾ ਜਾਵੇ।

-ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਇਨਸਾਫ ਅਤੇ ਬਹਿਬਲਕਲਾਂ-ਕੋਟਕਪੂਰਾ ਵਿੱਚ ਸ਼ਹੀਦ ਹੋਏ ਸਿੰਘਾਂ ਦੇ ਇਨਸਾਫ਼ ਲਈ ਲੰਬੇ ਸਮੇਂ ਤੋਂ ਲਟਕ ਰਹੀਆਂ ਮੰਗਾਂ ਦਾ ਤੁਰੰਤ ਨਿਪਟਾਰਾ ਕਰਕੇ ਦੋਸ਼ੀਆਂ ਨੂੰ ਮਸਾਲੀ ਸਜ਼ਾਵਾਂ ਦੇਣ ਲਈ ਰਾਹ ਪੱਧਰਾ ਕੀਤਾ ਜਾਵੇ।

-'ਬੰਦੀ ਸਿੰਘ', ਜੋ ਸਜਾਵਾਂ ਭੁਗਤਣ ਤੋਂ ਬਾਅਦ ਵੀ ਲੰਬੇ ਸਮੇਂ ਤੋਂ ਜ਼ੇਲਾਂ ਵਿੱਚ ਬੰਦ ਹਨ, ਨੂੰ ਰਿਹਾ ਕਰਨ ਸਬੰਧੀ ਸੁਹਿਰਦ ਪਹੁੰਚ ਅਪਣਾਈ ਜਾਵੇ।

-ਧੰਨ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਸ਼ਹੀਦੀ ਪੁਰਬ ਨੂੰ ਹਰ ਸਾਲ 'ਮਨੁੱਖੀ ਅਧਿਕਾਰ ਦਿਵਸ' ਵਜੋਂ ਮਨਾਇਆ ਜਾਵੇ।ਅਜਿਹਾ ਕਰਨ ਲਈ ਪੰਜਾਬ ਸਰਕਾਰ ਆਪ ਨੋਟੀਫਿਕੇਸ਼ਨ ਕੱਢੇ ਅਤੇ ਭਾਰਤ ਸਰਕਾਰ ਨੂੰ ਇਸ ਕਾਰਜ ਕਰਨ ਵਾਸਤੇ ਪੁਰਜ਼ੋਰ ਸਿਫਾਰਿਸ਼ ਭੇਜੇ।

-ਜਿਸ ਰਸਤੇ ਰਾਹੀਂ ਭਾਈ ਜੈਤਾ ਜੀ ਅਤੇ ਉਹਨਾਂ ਦੇ ਸਾਥੀਆਂ ਨੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ 'ਪਾਵਨ ਸੀਸ' ਦਿੱਲੀ ਤੋਂ ਅਨੰਦਪੁਰ ਸਾਹਿਬ ਲਿਆਂਦਾ।ਉਸ 'ਸੀਸ ਮਾਰਗ' ਦਾ ਢੁਕਵਾਂ ਨਾਮ ਰੱਖ ਕੇ; ਉਸ ਮਾਰਗ ਨੂੰ 'ਗੁਰੂ ਗੋਬਿੰਦ ਸਿੰਘ ਮਾਰਗ' ਦੀ ਤਰਜ਼ 'ਤੇ ਸਤਿਗੁਰੂ ਜੀ ਨੂੰ ਸਮਰਪਿਤ ਕੀਤਾ ਜਾਵੇ।

-ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਯਾਦ ਵਿੱਚ ਮੈਡੀਕਲ ਕਾਲਜ ਅਤੇ ਮਲਟੀ ਸਪੈਸ਼ਲਿਟੀ ਹਸਪਤਾਲ ਬਣਾਇਆ ਜਾਵੇ।

-ਪੰਜਾਬ ਸਰਕਾਰ ਨੇ ਸ਼ਤਾਬਦੀ ਮੌਕੇ ਸਤਿਗੁਰਾਂ ਦੇ ਪਾਵਨ ਜੀਵਨ ਇਤਿਹਾਸ ਨੂੰ ਸੰਗਤਾਂ ਦੇ ਰੂਬਰੂ ਕਰਨ ਲਈ ਕਿਤਾਬਚੇ ਅਤੇ ਹੋਰ ਪੁਸਤਕਾਂ ਛਾਪਣ ਦਾ ਜੋ ਆਪਣਾ ਪ੍ਰੋਗਰਾਮ ਦੱਸਿਆ, ਉੱਥੇ ਬਾਬਾ ਜੀ ਨੇ ਇਹ ਸੁਝਾਅ ਦਿੱਤਾ ਕਿ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਆਪਣਾ ਸਾਰਾ "ਸਰਬੰਸ"ਵਾਰ ਕੇ ਸਮੁੱਚੀ ਮਾਨਵਤਾ ਅਤੇ ਵਿਸ਼ੇਸ਼ ਕਰਕੇ ਭਾਰਤ ਵਾਸੀਆਂ ਉੱਪਰ ਮਹਾਨ ਪਰਉਪਕਾਰ ਕੀਤੇ ਹਨ। ਸਤਿਗੁਰੂ ਜੀ ਦੇ 'ਪ੍ਰਵਾਰ' ਦੇ ਪਰਉਪਕਾਰਾਂ ਨੂੰ ਸ਼ੁੱਧ ਰੂਪ ਵਿੱਚ ਬੱਚਿਆਂ ਅਤੇ ਸੰਗਤਾਂ ਤੱਕ ਪਹੁੰਚਾਉਣ ਲਈ ਵਿੱਦਿਅਕ ਅਦਾਰਿਆਂ ਦੇ 'ਸਿਲੇਬਸ' ਵਿੱਚ 'ਸਹੀ ਇਤਿਹਾਸ' ਨੂੰ ਸਥਾਈ ਤੌਰ 'ਤੇ ਸ਼ਾਮਲ ਕਰਕੇ ਮੁੱਢ ਤੋਂ ਹੀ ਸਤਿਗੁਰਾਂ ਦੇ ਪਰਉਪਕਾਰਾਂ ਦੀ ਸ਼ਾਪ ਬੱਚਿਆਂ ਦੇ ਹਿਰਦਿਆਂ ਵਿੱਚ ਉੱਕਰੀ ਜਾਵੇ।

-ਬਾਬਾ ਜੀ ਨੇ ਇਹ ਜ਼ਿਕਰ ਵੀ ਕੀਤਾ ਕਿ ਪਿਛਲੇ ਸਮੇਂ ਦੌਰਾਨ ਧਿਆਨ ਵਿੱਚ ਆਇਆ ਹੈ ਕਿ 'ਸਿੱਖ ਇਤਿਹਾਸ', ਵਿਸ਼ੇਸ਼ ਕਰਕੇ ਗੁਰੂ ਤੇਗ ਬਹਾਦਰ ਸਾਹਿਬ ਜੀ ਨਾਲ ਸੰਬੰਧਿਤ ਇਤਿਹਾਸ ਨੂੰ ਕਿਸੇ ਸਾਜਿਸ਼ ਅਧੀਨ ਕਰੂਪ ਕਰਕੇ ਸਕੂਲਾਂ ਦੇ ਸਿਲੇਬਸ ਵਿੱਚ ਸ਼ਾਮਿਲ ਕੀਤਾ ਗਿਆ ਸੀ। ਜਿਸ ਉੱਪਰ ਸਿੱਖ ਸੰਗਤਾਂ ਦਾ ਬਹੁਤ ਵੱਡਾ ਰੋਸ ਸੀ। ਸੋ ਹੁਣ ਮੌਕਾ ਹੈ ਕਿ ਸੁਹਿਰਦ ਸਿੱਖ ਵਿਦਵਾਨਾਂ ਦਾ ਪੈਨਲ ਬਣਾ ਕੇ ਵਿੱਦਿਅਕ ਅਦਾਰਿਆ ਵਿੱਚ ਪੜ੍ਹਾਏ ਜਾਣ ਵਾਲੇ ਸਿੱਖ ਇਤਿਹਾਸ ਉੱਪਰ ਦੁਬਾਰਾ ਨਜ਼ਰਸਾਨੀ ਕੀਤੀ ਜਾਵੇ ਅਤੇ ਗਲਤੀਆਂ ਨੂੰ ਦੂਰ ਕੀਤਾ ਜਾਵੇ।ਭਾਵਨਾ ਨਾਲ ਭਰਪੂਰ ਸਹੀ, ਸ਼ੁੱਧ ਅਤੇ ਪ੍ਰਮਾਣਿਤ ਇਤਿਹਾਸ ਸਕੂਲਾਂ ਦੇ ਪਾਠਕ੍ਰਮ ਵਿੱਚ ਸ਼ਾਮਿਲ ਕੀਤਾ ਜਾਵੇ।

# ਪੰਜਾਬ ਦੇ ਰਾਜਪਾਲ ਹੋਏ ਸ੍ਰੀ ਅਨੰਦਪੁਰ ਸਾਹਿਬ ਨਤਮਸਤਕ





ਸ੍ਰੀ ਅਨੰਦਪੁਰ ਸਾਹਿਬ-ਪੰਜਾਬ ਦੇ ਰਾਜਪਾਲ ਸ੍ਰੀ ਗੁਲਾਬ ਚੰਦ ਕਟਾਰੀਆ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੇ ਸ਼ਹੀਦੀ ਸਾਕੇ ਦੀ 350 ਸ਼ਤਾਬਦੀ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ 350 ਸਾਲਾ ਗੁਰਿਆਈ ਦਿਵਸ ਮੌਕੇ ਅੱਜ ਗੁਰਦੁਆਰਾ ਸ੍ਰੀ ਸੀਸ ਗੰਜ ਸਾਹਿਬ ਸ੍ਰੀ ਅਨੰਦਪੁਰ ਸਾਹਿਬ ਵਿਖੇ ਨਤਮਸਤਕ ਹੋਏ। ਇਹ ਉਹ ਅਸਥਾਨ ਹੈ ਜਿੱਥੇ ਨੌਵੇਂ ਪਾਤਸ਼ਾਹ ਜੀ ਦੇ ਪਾਵਨ ਸੀਸ ਦਾ ਸਸਕਾਰ ਹੋਇਆ ਸੀ। ਇਸ ਮੌਕੇ ਉਨ੍ਹਾਂ ਨੇ ਗੁਰੂ ਸਾਹਿਬ ਜੀ ਨੂੰ ਰੁਮਾਲਾ ਭੇਟ ਕੀਤਾ ਤੇ ਕੜਾਹ ਪ੍ਰਸ਼ਾਦ ਦੀ ਦੇਗ ਕਰਵਾਈ।ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਤੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ, ਦਮਦਮੀ ਟਕਸਾਲ ਦੇ ਮੁਖੀ ਗਿਆਨੀ ਹਰਨਾਮ ਸਿੰਘ ਖ਼ਾਲਸਾ ਨੇ ਰਾਜਪਾਲ ਪੰਜਾਬ ਸ੍ਰੀ ਕਟਾਰੀਆ ਦਾ ਸੁਆਗਤ ਕੀਤਾ ਅਤੇ ਉਨ੍ਹਾਂ ਨੂੰ ਗੁਰੂ ਘਰ ਤੋਂ ਫੁੱਲਾਂ ਦਾ ਸਿਹਰਾ ਦਿੱਤਾ ਗਿਆ।

# New York Honors Sikh Legacy: Guru Tegh Bahadur Marg Inaugurated




In New York, a street in South Richmond Hill has been named Guru Tegh Bahadur Marg in honor of the 9th Sikh Guru. U.S. New York State District 38 Assemblywoman Jennifer Rajkumar shared visuals of the street's inauguration.She said that Guru Tegh Bahadur, a saint-warrior, gave his life to defend religious freedom. His martyrdom is one of history's greatest acts of courage in the face of persecution.Jennifer expressed pride in standing with the Sikh community at the 114th Sikh Temple and offered special thanks to Council Member Lynn Schulman and all the community leaders who made this historic moment possible.

# ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350 ਸਾਲਾ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਵਿਸ਼ਾਲ ਨਗਰ ਕੀਰਤਨ ਦੀ ਆਰੰਭਤਾ

## ਕੇਂਦਰ ਸਰਕਾਰ ਬੰਦੀ ਸਿੱਖਾਂ ਨੂੰ ਰਿਹਾ ਕਰੇ-ਜਥੇਦਾਰ ਕਰਨੈਲ ਸਿੰਘ ਪੀਰ ਮੁਹੰਮਦ ਅਤੇ ਭਾਈ ਅਮਰਬੀਰ ਸਿੰਘ ਢੋਟ





ਅੰਮ੍ਰਿਤਸਰ; ਅੱਜ ਸ੍ਰੀ ਅਕਾਲ ਤਖਤ ਸਾਹਿਬ ਸ੍ਰੀ ਅੰਮ੍ਰਿਤਸਰ ਤੋਂ ਸ਼ ਰੋਮਣੀ ਸੰਤ ਖਾਲਸਾ ਇੰਟਰਨੈਸ਼ਨਲ ਫਾਂਊਡੇਸ਼ਨ ਗੁਰੂਦੁਆਰਾ ਗੁਰਸਾਗਰ ਸਾਹਿਬ ਵਿਖੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350 ਸਾਲਾਂ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਵਿਸ਼ਾਲ ਨਗਰ ਕੀਰਤਨ ਆਰੰਭਰਿਆ ਗਿਆ ।ਇਹ ਸਮਾਗਮ ਫਾਂਊਂਡੇਸ਼ਨ ਦੇ ਚੇਅਰਮੈਨ ਸ੍ਰੀ ਮਾਨ ਸੰਤ ਬਾਬਾ ਪ੍ਰਿਤਪਾਲ ਸਿੰਘ ਜੀ ਸੁਖਨਾ ਝੀਲ ਚੰਡੀਗੜ੍ਹ ਵਾਲਿਆਂ ਦੀ ਪ੍ਰੇਰਨਾ ਸਦਕਾ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਅਤੇ ਕਰਤਾਰ ਆਸਰਾ ਟਰਸਟ ਦੀ ਚੇਅਰਮੈਨ ਮਾਤਾ ਚਰਨ ਕਮਲ ਕੌਰ,ਭਾਈ ਤੇਜੇਸ਼ਵਰ ਪ੍ਰਤਾਪ ਸਿੰਘ ਦੇ ਸਹਿਯੋਗ ਨਾਲ ਕਰਵਾਇਆ ਜਾ ਰਿਹਾ ਹੈ। ਇਸ ਮੌਕੇ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਸਰਪ੍ਰਸਤ ਸਰਦਾਰ ਕਰਨੈਲ ਸਿੰਘ ਪੀਰ ਮੁਹੰਮਦ ਅਤੇ ਸਿੱਖ ਸਟੂਡੈਂਟਸ ਫੈਡਰੇਸ਼ਨ ਮਹਿਤਾ ਦੇ ਪ੍ਰਧਾਨ ਭਾਈ ਅਮਰਬੀਰ ਸਿੰਘ ਢੋਟ ਨੇ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਸ਼ਹੀਦੀ ਸਮਾਗਮਾਂ ਨੂੰ ਸਮਰਪਿਤ ਇਹ ਨਗਰ ਕੀਰਤਨ ਅੱਜ ਸ੍ਰੀ ਅੰਮ੍ਰਿਤਸਰ ਸਾਹਿਬ ਤੋਂ ਆਰੰਭ ਹੋਇਆ ਹੈ ਜੋ ਹੁਣ ਅਨੰਦਪੁਰ ਸਾਹਿਬ, ਚੰਡੀਗੜ੍ਹ ਅਤੇ ਹੋਰਨਾਂ ਇਤਿਹਾਸਕ ਸਥਾਨਾਂ ਤੋਂ ਹੁੰਦਾ ਹੋਇਆ ਦਿੱਲੀ ਵਿਖੇ ਗੁਰਦੁਆਰਾ ਸ੍ਰੀ ਰਕਾਬ ਗੰਜ ਵਿਖੇ ਸਮਾਪਤ ਹੋਵੇਗਾ। ਸਮਾਪਤੀ ਵੇਲੇ 27 ਨਵੰਬਰ ਨੂੰ ਗੁਰਦੁਆਰਾ ਸਾਹਿਬ ਦੇ ਲੱਖੀ ਸ਼ਾਹ ਵਣਜਾਰਾ ਹਾਲ ਵਿਚ ਰਾਤ ਦੇ ਦੀਵਾਨ ਸਜਾਏ ਜਾਣਗੇ। ਭਾਈ ਮਨਜੀਤ ਸਿੰਘ ਜੀ ਭੂਰਾ ਕੋਹਨਾ ਮੈਂਬਰ ਐੱਸ ਜੀ ਪੀ ਸੀ ਅਤੇ ਫੈਡਰੇਸ਼ਨ ਸਰਪ੍ਰਸਤ ਨੇ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹਾਦਤ ਨੂੰ ਮਨੁੱਖੀ ਅਧਿਕਾਰਾਂ ਅਤੇ ਧਾਰਮਿਕ ਆਜ਼ਾਦੀ ਦਾ ਇਨਕਲਾਬ ਦਸਦਿਆਂ ਗੁਰ ਇਤਿਹਾਸ ਅਤੇ ਸ਼ਹਾਦਤਾਂ ਤੇ ਚਾਨਣ ਪਾਇਆ, ਇਸੇ ਮੌਕੇ ਜਿੱਥੇ ਭਾਈ ਕੰਵਰ ਚੜ੍ਹਤ ਸਿੰਘ ਪ੍ਰਧਾਨ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਨੇ ਗੁਰੂ ਗ੍ਰੰਥ ਸਾਹਿਬ ਜੀ ਦੇ ਸਵਾਰਿਆਂ ਦੀ ਸੇਵਾ ਨਿਭਾਈ ਓਥੇ ਹੀ ਗੁਰੂ ਸਾਹਿਬ ਅਤੇ ਉਨ੍ਹਾਂ ਦੇ ਨਾਲ ਸ਼ਹੀਦ ਹੋਏ ਸਿੱਖਾਂ ਦੀ ਕੁਰਬਾਨੀ ਨੂੰ ਸਿਜਦਾ ਕਰਦਿਆਂ ਨੌਜਵਾਨਾਂ ਨੂੰ ਗੁਰਬਾਣੀ ਅਤੇ ਆਪਣੇ ਵਿਲੱਖਣ ਇਤਿਹਾਸ ਦੇ ਨਾਲ ਜੁੜਨ ਦੇ ਲਈ ਪ੍ਰੇਰਿਆ, ਸਰਦਾਰ ਰਾਜਾ ਸਿੰਘ ਤੇ ਭਾਈ ਜਗਜੀਤ ਸਿੰਘ ਛੜਬੜ ਨੇ ਕਿਹਾ ਕਿ ਇਨ੍ਹਾਂ ਸਮਾਗਮਾਂ ਵਿਚ ਦੇਸ਼ ਭਰ ਦੀਆਂ ਸੰਗਤਾ ਹਿੱਸਾ ਲੈਣਗੀਆਂ ।ਉਨ੍ਹਾਂ ਕਿਹਾ ਕਿ ਸੱਤ ਦਿਨਾਂ ਦੇ ਇਸ ਵਿਸ਼ਾਲ ਸਮਾਗਮ ਦੌਰਾਨ ਸੰਤਾਂ ਮਹਾਂਪੁਰਸ਼ਾਂ, ਰਾਗੀਆਂ, ਢਾਡੀਆਂ ਅਤੇ ਕਥਾ ਵਾਚਕਾਂ ਵਲੋਂ ਸ੍ਰੀ ਗੁਰੂ ਤੇਗ ਬਹਾਦਰ ਜੀ ਅਤੇ ਭਾਈ ਮਤੀ ਦਾਸ, ਭਾਈ ਸਤੀ ਦਾਸ ਅਤੇ ਭਾਈ ਦਿਆਲਾ ਜੀ ਦੇ ਸ਼ਹੀਦੀ ਇਤਿਹਾਸ ਅਤੇ ਗੁਰਬਾਣੀ ਉ=ਪਦੇਸ਼ ਨਾਲ ਸੰਗਤਾਂ ਨੂੰ ਨਿਹਾਲ ਕੀਤਾ ਜਾਵੇਗਾ ਅਤੇ ਵਿਸੇਸ਼ ਸਹਿਯੋਗ ਕਰਤਾਰ ਆਸਰਾ ਟਰੱਸਟ ਦੇ ਚੇਅਰਮੈਨ ਮਾਤਾ ਚਰਨ ਕਮਲ ਕੌਰ ਜੀ ।ਇਨ੍ਹਾਂ ਸ਼ਹੀਦੀ ਸਮਾਗਮਾਂ ਵਿਚ ਧਾਰਮਿਕ ਸ਼ਖਸੀਅਤਾਂ ਦੇ ਨਾਲ ਨਾਲ ਰਾਜਨੀਤਿਕ ਆਗੂਆਂ ਵਲੋਂ ਵੀ ਹਾਜ਼ਰੀ ਭਰੀ ਜਾਵੇਗੀ।ਉਨ੍ਹਾਂ ਸਮੂਹ ਗੁਰੂ ਨਾਨਕ ਨਾਮ ਲੇਵਾ ਸੰਗਤਾਂ ਨੂੰ ਅਪੀਲ ਕੀਤੀ ਕਿ 22 ਤਾਰੀਕ ਨੂੰ ਸ੍ਰੀ ਅੰਮ੍ਰਿਤਸਰ ਸਾਹਿਬ ਤੋਂ ਆਰੰਭ ਹੋਣ ਜਾ ਰਹੇ ਨਗਰ ਕੀਰਤਨ ਵਿਚ ਵੱਡੀ ਗਿਣਤੀ ਵਿਚ ਹਾਜ਼ਰੀ ਭਰ ਕੇ ਮਹਾਨ ਸ਼ਹੀਦਾਂ ਨੂੰ ਆਪਣੀ ਸ਼ਰਧਾ ਅਰਪਣ ਕਰਨ।ਸੰਗਤਾਂ ਦੀ ਸਹੂਲਤ ਲਈ ਸੰਤ ਬਾਬਾ ਪ੍ਰਿਤਪਾਲ ਸਿੰਘ ਜੀ ਅਤੇ ਭਾਈ ਤੇਜੇਸ਼ਵਰ ਪ੍ਰਤਾਪ ਸਿੰਘ ਜੀ ਦੇ ਸਹਿਯੋਗ ਨਾਲ ਹਰ ਤਰ੍ਹਾਂ ਦੇ ਪ੍ਰਬੰਧ ਕੀਤੇ ਜਾ ਚੁੱਕੇ ਹਨ ਤਾਂ ਜੋ ਸਮਾਗਮਾਂ ਵਿਚ ਹਾਜ਼ਰੀ ਭਰਨ ਵਾਲੀ ਸੰਗਤ ਨੂੰ ਕਿਸੇ ਕਿਸਮ ਦੀ ਪ੍ਰਸ਼ਾਨੀ ਨਾ ਹੋਵੇ।ਇਸ ਮੌਕੇ ਬਾਬਾ ਸਰੂਪ ਸਿੰਘ ਸੰਤ ਸਰ ,ਬੀਬੀ ਦਰਸ਼ਨ ਕੌਰ ਜਲੰਧਰ,ਬਾਬਾ ਬਲਕਾਰ ਸਿੰਘ ਢੇਲਪੁਰ ਵਾਲੇ ਟੀ8ਪੀ8 ਸਿੰਘ, ਐਡਵੋਕੇਟ ਤਰਲੋਕ ਸਿੰਘ, ਪੀਰ ਜੀ ਸਿਸਵਾਂ, Retd IAS ਰਾਜੂ ਜੀ, ਸੁਖਚੈਨ ਸਿੰਘ, ਹਰਭਿੰਦਰ ਸਿੰਘ, ਰਣਜੀਤ ਸਿੰਘ, ਭਾਈ ਤੇਜਿੰਦਰ ਸਿੰਘ, ਪ੍ਰਦੀਪ ਸਿੰਘ, ਪਰਮਿੰਦਰ ਸਿੰਘ, ਹਰਖੁਸ਼ਪ੍ਰੀਤ ਸਿੰਘ, ਬਿਕਰਮਜੀਤ ਸਿੰਘ, ਆਦਿ ਮੌਜੂਦ ਸਨ।

ਤਿਲਕ ਜੰਞੂ ਰਾਖਾ ਪ੍ਰਭ ਤਾ ਕਾ॥
ਕੀਨੋ ਬਡੋ ਕਲੂ ਮਹਿ ਸਾਕਾ॥
ਸਾਧਨ ਹੇਤਿ ਇਤੀ ਜਿਨਿ ਕਰੀ॥
ਸੀਸੁ ਦੀਆ ਪਰ ਸੀ ਨ ਉਚਰੀ॥੧੩॥
ਧਰਮ ਹੇਤ ਸਾਕਾ ਜਿਨਿ ਕੀਆ॥
ਸੀਸੁ ਦੀਆ ਪਰ ਸਿਰਰੁ ਨ ਦੀਆ॥
ਨਾਟਕ ਚੇਟਕ ਕੀਏ ਕੁਕਾਜਾ॥
ਪ੍ਰਭ ਲੋਗਨ ਕਹ ਆਵਤ ਲਾਜਾ॥੧੪॥

## ਦੋਹਰਾ॥

ਠੀਕਰਿ ਫੋਰਿ ਦਿਲੀਸਿ ਸਿਰਿ ਪ੍ਰਭ ਪੁਰ ਕੀਯਾ ਪਯਾਨ॥
ਤੇਗ ਬਹਾਦਰ ਸੀ ਕ੍ਰਿਆ ਕਰੀ ਨ ਕਿਨਹੂੰ ਆਨ॥੧੫॥
ਤੇਗ ਬਹਾਦਰ ਕੇ ਚਲਤ ਭਯੋ ਜਗਤ ਕੋ ਸੋਕ॥
ਹੈ ਹੈ ਹੈ ਸਭ ਜਗ ਭਯੋ ਜੈ ਜੈ ਜੈ ਸੁਰ ਲੋਕ॥੧੬॥

## (ਬਚਿਤ੍ਰ ਨਾਟਕ)